ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸ਼ੁੱਕਰਵਾਰ, 24 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧੧ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਗੁਰਪਤਵੰਤ ਪੰਨੂ ਦੀ ਧਮਕੀ ਤੋਂ ਬਾਅਦ ਭਗਵੰਤ ਮਾਨ ਨੇ ਬਦਲਿਆ 26 ਜਨਵਰੀ ਵਾਲਾ ਪ੍ਰੋਗਰਾਮ ?

# ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

**ਚੰਡੀਗੜ੍ਹ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਫਾਰ ਜਸਟਿਸ (SFJ) ਵੱਲੋਂ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਗਣਤੰਤਰ ਦਿਵਸ (26 ਜਨਵਰੀ) ਦੇ ਪ੍ਰੋਗਰਾਮ ਵਿੱਚ ਬਦਲਾਅ ਕਰ ਦਿੱਤਾ ਗਿਆ ਹੈ। ਹੁਣ ਉਹ ਫਰੀਦਕੋਟ ਵਿੱਚ ਤਿਰੰਗਾ ਨਹੀਂ ਲਹਿਰਾਉਣਗੇ। ਹਾਲਾਂਕਿ ਨਵੀਂ ਜਗ੍ਹਾ ਦਾ ਫੈਸਲਾ




ਅਜੇ ਨਹੀਂ ਕੀਤਾ ਗਿਆ ਹੈ।ਇਹ ਫੈਸਲਾ ਪੰਜਾਬ ਸਰਕਾਰ ਨੇ ਬੁੱਧਵਾਰ ਦੇਰ ਰਾਤ ਲਿਆ। ਇਸ ਦੀ ਪੁਸ਼ਟੀ ਫਰੀਦਕੋਟ ਦੇ ਡੀਸੀ ਵਿਨੀਤ ਕੁਮਾਰ ਨੇ ਕੀਤੀ। ਹਾਲਾਂਕਿ, ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਇਹ ਫੈਸਲਾ ਸੁਰੱਖਿਆ ਕਾਰਨਾਂ ਕਰਕੇ ਲਿਆ ਗਿਆ ਸੀ। ਹੁਣ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਫਰੀਦਕੋਟ ਵਿੱਚ ਤਿਰੰਗਾ ਲਹਿਰਾਉਣਗੇ। ਤੁਹਾਨੂੰ ਦੱਸ ਦੇਈਏ ਕਿ ਵੀਰਵਾਰ ਨੂੰ SFJ ਦੇ ਮੁਖੀ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਸੀਐਮ ਮਾਨ ਨੂੰ ਧਮਕੀ ਦਿੱਤੀ ਸੀ। ਪੰਨੂ ਨੇ ਇੱਕ ਵੀਡੀਓ ਜਾਰੀ ਕਰਕੇ ਕਿਹਾ ਕਿ ਜੋ ਵੀ ਉਲਟ ਚੱਲਦਾ ਹੈ ਉਸਦਾ ਹਾਲ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਵਰਗਾ ਹੋਵੇਗਾ। ਪੰਨੂ ਨੇ ਆਪਣੀ ਪਹੁੰਚ ਦਾ ਸਬੂਤ ਦਿੰਦਿਆਂ ਕਿਹਾ ਕਿ ਉਸ ਨੇ ਹੀ ਫਰੀਦਕੋਟ ਰੇਲਵੇ ਸਟੇਸ਼ਨ ਤੇ ਨਹਿਰੂ ਸਟੇਡੀਅਮ ’ਤੇ ਖਾਲਿਸਤਾਨੀ ਨਾਅਰੇ ਲਿਖਵਾਏ ਹਨ। ਇੱਥੇ ਸੀਐਮ ਭਗਵੰਤ ਮਾਨ 26 ਜਨਵਰੀ ਨੂੰ ਗਣਤੰਤਰ ਦਿਵਸ ’ਤੇ ਝੰਡਾ ਲਹਿਰਾਉਣ ਜਾ ਰਹੇ ਹਨ। ਸਿੱਖ ਨੌਜਵਾਨ ਆਪਣੀ ਕਮਰ ’ਤੇ ਬੰਬ ਨਾ ਬੰਨ੍ਹਣ ਤੇ ਨਾ ਹੀ ਆਪਣੇ ਹੱਥਾਂ ਵਿੱਚ ਤਿਰੰਗਾ ਫੜਨ। ਉਨ੍ਹਾਂ ਨੂੰ ਸਿਰਫ਼ ਖਾਲਿਸਤਾਨ ਦਾ ਝੰਡਾ ਹੀ ਫੜਨਾ ਚਾਹੀਦਾ ਹੈ। ਪਨੂੰ ਨੇ ਕਿਹਾ ਕਿ ਹੁਣ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਸਰਕਾਰ ਸੱਤਾ ਵਿੱਚ ਆ ਗਈ ਹੈ। ਸਰਕਾਰਾਂ ਬਦਲਣ ਨਾਲ ਬਹੁਤ ਸਾਰੀਆਂ ਚੀਜ਼ਾਂ ਬਦਲ ਜਾਂਦੀਆਂ ਹਨ। ਪੰਜਾਬ ਭਾਰਤ ਦਾ ਹਿੱਸਾ ਨਹੀਂ ਹੈ। ਉਸ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਤੇ ਕਿਸਾਨ ਜੋ ਪੰਜਾਬ ਤੇ ਹਰਿਆਣਾ ਦੀ ਸਰਹੱਦ ’ਤੇ ਬੈਠੇ ਹਨ, ਉਨ੍ਹਾਂ ਨੂੰ ਅੰਮ੍ਰਿਤਸਰ, ਗੁਰਦਾਸਪੁਰ ਤੇ ਜਲੰਧਰ ਵਰਗੇ ਜ਼ਿਲ੍ਹਿਆਂ ਦੇ ਡੀਸੀ ਦਫ਼ਤਰਾਂ ’ਤੇ ਖਾਲਿਸਤਾਨ ਦੇ ਝੰਡੇ ਲਹਿਰਾਉਣੇ ਚਾਹੀਦੇ ਹਨ ਤਾਂ ਜੋ ਪੰਜਾਬ ਦਾ ਸੁਨੇਹਾ ਸਿੱਧਾ ਡੋਨਾਲਡ ਟਰੰਪ ਤੱਕ ਪਹੁੰਚ ਸਕੇ।

Exclusive News

## ਜ਼ਿਲ੍ਹਾ ਸਿੱਖਿਆ ਅਫਸਰ ਦੇ ਘਰ ਵਿਜੀਲੈਂਸ ਨੇ ਮਾਰਿਆ ਛਾਪਾ, ਨੋਟਾਂ ਨਾਲ ਭਰੇ 2 ਬੈੱਡ, ਮੰਗਵਾਉਣੀ ਪਈ ਨੋਟ ਗਿਣਨ ਵਾਲੀ ਮਸ਼ੀਨ



**ਨਵੀਂ ਦਿੱਲੀ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬਿਹਾਰ ਦੇ ਬੇਤੀਆ ਜ਼ਿਲ੍ਹੇ ਵਿੱਚ ਸਿੱਖਿਆ ਵਿਭਾਗ ਦੇ ਇੱਕ ਅਧਿਕਾਰੀ ਦੇ ਘਰੋਂ ਵੱਡੀ ਮਾਤਰਾ ਵਿੱਚ ਨਕਦੀ ਬਰਾਮਦ ਹੋਈ ਹੈ। ਬੇਤੀਆ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਘਰ ਇੱਕ ਵੱਡਾ ਅਭਿਆਨ ਚਲਾਇਆ ਗਿਆ, ਜਿਸ ਦੌਰਾਨ ਵੱਡੀ ਮਾਤਰਾ ਵਿੱਚ ਨਕਦੀ ਜ਼ਬਤ ਕੀਤੀ ਗਈ। ਵਿਜੀਲੈਂਸ ਵਿਭਾਗ ਜ਼ਿਲ੍ਹਾ ਸਿੱਖਿਆ ਅਧਿਕਾਰੀ (ਡੀਈਓ) ਰਜਨੀਕਾਂਤ ਪ੍ਰਵੀਨ ਦੇ ਘਰ ਛਾਪੇਮਾਰੀ ਕਰ ਰਿਹਾ ਹੈ। ਪਟਨਾ ਤੋਂ ਵਿਜੀਲੈਂਸ ਟੀਮ ਸਵੇਰ ਤੋਂ ਹੀ ਡੀਈਓ ਤੋਂ ਪੁੱਛਗਿੱਛ ਕਰ ਰਹੀ ਹੈ। ਜਾਂਚ ਦੌਰਾਨ ਹੁਣ ਤੱਕ ਵੱਡੀ ਮਾਤਰਾ ਵਿੱਚ ਨਕਦੀ ਬਰਾਮਦ ਕੀਤੀ ਗਈ ਹੈ। ਨੋਟਾਂ ਦੀ ਗਿਣਤੀ ਕਰਨ ਲਈ ਇੱਕ ਮਸ਼ੀਨ ਮੰਗਵਾਈ ਗਈ ਹੈ।

## ਗਿਆਨੀ ਹਰਪ੍ਰੀਤ ਸਿੰਘ ਤੇ ਵਲਟੋਹਾ ਵਿਚਾਲੇ ਤੂੰ-ਤੂੰ, ਮੈਂ-ਮੈਂ, ਵੀਡੀਓ ਹੋ ਗਈ ਵਾਇਰਲ

**ਅੰਮ੍ਰਿਤਸਰ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਿਚਾਲੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਹੋਈ ਬਹਿਸ ਦੀ ਹੋਰ ਵੀਡੀਓ ਜਨਤਕ ਹੋਈ ਹੈ। ਇਸ ਇਕੱਤਰਤਾ ਦੌਰਾਨ ਬਹਿਸ ਦੀ ਵੀਡੀਓ 18 ਦਸੰਬਰ ਨੂੰ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਸੀ। ਪਿਛਲੇ ਸਾਲ ਅਕਤੂਬਰ ਮਹੀਨੇ ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖਤ ਵਿਖੇ ਇਕੱਤਰਤਾ ਹੋਈ ਸੀ ਜਿਸ ਤੋਂ ਲਗਪਗ ਚਾਰ ਮਹੀਨੇ ਮਗਰੋਂ ਵਿਰਸਾ



ਸਿੰਘ ਵਲਟੋਹਾ ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਰਮਿਆਨ ਬਹਿਸ ਦੀ ਹੁਣ ਇਹ ਵੀਡੀਓ ਜਨਤਕ ਹੋਈ ਹੈ। ਤਾਜ਼ਾ 58 ਸੈਕਿੰਡ ਦੀ ਵੀਡੀਓ ਕਲਿੱਪ ਵਿੱਚ ਗਿਆਨੀ ਹਰਪ੍ਰੀਤ ਸਿੰਘ ਅਕਾਲੀ ਆਗੂ ਵਲਟੋਹਾ ਵੱਲੋਂ ਭਾਜਪਾ ਤੇ ਹੋਰ ਪਾਰਟੀਆਂ ਦੇ ਆਗੂਆਂ ਨਾਲ ਸਬੰਧਾਂ ਬਾਰੇ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਵੀਡੀਓ ਵਿੱਚ ਕਹਿੰਦੇ ਨਜ਼ਰ ਆ ਰਹੇ ਹਨ ਕਿ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵਜੋਂ ਉਨ੍ਹਾਂ ਦੇ ਕਈ ਸੀਨੀਅਰ ਭਾਜਪਾ ਆਗੂ ਤੇ ਸਾਬਕਾ ਮੁੱਖ ਮੰਤਰੀ ਸਮੇਤ ਹੋਰਨਾਂ ਆਗੂਆਂ ਨਾਲ ਵੀ ਸੰਪਰਕ ਬਣੇ ਸਨ। ਉਧਰ, ਵਿਰਸਾ ਸਿੰਘ ਵਲਟੋਹਾ ਨੇ ਉਪਰੋਕਤ ਮੀਟਿੰਗ ਦੀ ਵੀਡੀਓਗ੍ਰਾਫੀ ਜਨਤਕ ਕਰਨ ਦੀ ਮੰਗ ਕੀਤੀ ਹੈ। ਉਂਝ ਇਹ ਵੀਡੀਓ ਕਿਵੇਂ ਜਨਤਕ ਹੋਈ, ਇਹ ਭੇਦ ਬਣਿਆ ਹੋਇਆ ਹੈ। ਇਸ ਵੀਡੀਓ ਨੂੰ ਅਕਾਲੀ ਆਗੂ ਵਲਟੋਹਾ ਨੇ ਆਪਣੇ ਸੋਸ਼ਲ ਮੀਡੀਆ ਮੰਚ ’ਤੇ ਸਾਂਝਾ ਕੀਤਾ ਹੈ।

## ਅਕਾਲ ਤਖਤ ਸਾਹਿਬ ਦੇ ਹੁਕਮਾਂ ਤੋਂ ਭਗੌੜਾ ਹੋਇਆ ਬਾਦਲ ਦਲ - ਜਥੇਦਾਰ ਦਾਦੂਵਾਲ




**ਸਿਰਸਾ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦਾ ਸਰਬਉੱਚ ਤਖ਼ਤ ਅਤੇ ਸਿੱਖ ਪ੍ਰਭੂਸੱਤਾ ਦਾ ਕੇਂਦਰ ਹੈ ਜਿਸ ਅੱਗੇ ਦੁਨੀਆਂ ਵਿੱਚ ਵੱਸਦੇ ਹਰ ਸਿੱਖ ਦਾ ਸੀਸ ਸ਼ਰਧਾ ਨਾਲ ਝੁਕਦਾ ਹੈ ਅਕਾਲ ਤਖਤ ਸਾਹਿਬ ਤੋਂ ਗੁਰਬਾਣੀ ਗੁਰਇਤਿਹਾਸ ਦੀ ਰੌਸ਼ਨੀ ਵਿੱਚ ਜਾਰੀ ਹੋਇਆ ਹਰ ਹੁਕਮਨਾਮਾ ਦੁਨੀਆਂ ਵਿੱਚ ਵੱਸਦਾ ਸਿੱਖ ਸਿਰ ਮੱਥੇ ਤੇ ਮੰਨਦਾ ਹੈ ਪਰ ਬਾਦਲ ਪਰਿਵਾਰ ਨੇ ਹਮੇਸ਼ਾ ਹੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਅਣਦੇਖੀ ਕੀਤੀ ਹੈ ਬਾਦਲ ਪਰਿਵਾਰ ਅਤੇ ਬਾਦਲ ਦਲ ਨੇ ਅਕਾਲ ਤਖਤ ਸਾਹਿਬ ਦੀ ਸਿੱਖ ਪ੍ਰਭੂਸੱਤਾ ਨੂੰ ਖੋਰਾ ਲਾਇਆ ਹੈ ਅਕਾਲ ਤਖਤ ਸਾਹਿਬ ਸਰਵਉੱਚ ਸੰਸਥਾ ਦੀ ਮਰਿਆਦਾ ਪਰੰਪਰਾ ਨੂੰ ਬੜੀ ਡੂੰਘੀ ਗਹਿਰੀ ਸਾਜਿਸ਼ ਅਧੀਨ ਨੁਕਸਾਨ ਪਹੁੰਚਾਇਆ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੀਡੀਆ ਨੂੰ ਜਾਰੀ ਇੱਕ ਪ੍ਰੈੱਸ ਨੋਟ ਵਿੱਚ ਕੀਤਾ ਗਿਆ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਹੁਣ ਵੀ ਅਕਾਲੀ ਦਲ ਦੀ ਭਰਤੀ ਬਾਰੇ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਤੋਂ ਬਾਦਲ ਦਲ ਭਗੌੜਾ ਹੋ ਰਿਹਾ ਹੈ ਅਕਾਲੀ ਦਲ ਦੀ ਭਰਤੀ ਵਾਸਤੇ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਸੱਤ ਮੈਂਬਰੀ ਕਮੇਟੀ ਨੂੰ ਦਰਕਿਨਾਰ ਕਰਕੇ ਨਵੀਂ ਭਰਤੀ ਸ਼ੁਰੂ ਕਰ ਦਿੱਤੀ ਹੈ ਜਿਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ ਜਥੇਦਾਰ ਦਾਦੂਵਾਲ ਨੇ ਕਿਹਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਕਰਨੀ ਚਾਹੀਦੀ ਸੀ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਵੀ ਹੁਕਮਾਂ ਦਾ ਉਲੰਘਣ ਕਰਨ ਦੇ ਦੋਸ਼ੀਆ ਉਪਰ ਸਖ਼ਤ ਐਕਸ਼ਨ ਲੈਣਾ ਚਾਹੀਦਾ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

## ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ’ਚ ਵੱਡੇ ਪੱਧਰ ’ਤੇ ਧਾਂਦਲੀ, ਬਿਨਾਂ ਸਿੰਘ ਤੇ ਕੌਰ ਨਾਂਅ ਵਾਲੇ ਵੀ ਬਣਾਏ ਗਏ ਵੋਟਰ, ਅਕਾਲੀ ਦਲ ਨੇ ਜਤਾਇਆ ਇਤਰਾਜ਼



**ਅੰਮ੍ਰਿਤਸਰ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੀ ਵੋਟਰ ਸੂਚੀ ਵਿੱਚ ਖਾਮੀਆਂ ਦਾ ਮਾਮਲਾ ਗੁਰਦੁਆਰਾ ਚੋਣ ਕਮਿਸ਼ਨ ਕੋਲ ਪਹੁੰਚ ਗਿਆ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਕਮਿਸ਼ਨ ਨੂੰ ਮਿਲੇ ਹਨ। ਉਨ੍ਹਾਂ ਨੇ ਕਮਿਸ਼ਨ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਹੈ। ਉਨ੍ਹਾਂ ਨੇ ਸੂਚੀ ਵਿੱਚ ਕਈ ਖਾਮੀਆਂ ਵੱਲ ਇਸ਼ਾਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਵੋਟਰ ਸੂਚੀ ਵਿੱਚ ਅਜਿਹੇ ਲੋਕ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦੇ ਨਾਂਅ ਵਿੱਚ ਕੌਰ ਜਾਂ ਸਿੰਘ ਨਹੀਂ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਵੋਟਰ ਸੂਚੀ ਵਿੱਚ ਇਤਰਾਜ਼ ਦਰਜ ਕਰਨ ਦਾ ਸਮਾਂ ਵਧਾਇਆ ਜਾਵੇ। ਵਫ਼ਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਸਾਬਕਾ ਪ੍ਰਧਾਨ ਸੁਖਬੀਰ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵੀ ਮੌਜੂਦ ਸਨ। ਦੱਸ ਦਈਏ ਕਿ ਅਕਾਲੀ ਦਲ ਦੇ ਵਫ਼ਦ ਨੇ ਕਮਿਸ਼ਨ ਨੂੰ ਦੱਸਿਆ ਕਿ ਪੰਜਾਬ ਵਿੱਚ ਕੋਈ ਵੀ ਵੋਟਰ ਅਜਿਹਾ ਨਹੀਂ ਹੈ ਜਿਸਦਾ ਆਪਣਾ ਘਰ ਨਾ ਹੋਵੇ ਪਰ ਬਹੁਤ ਸਾਰੀਆਂ ਵੋਟਾਂ ’ਤੇ ਘਰ ਦੇ ਨੰਬਰ ਵੀ ਨਹੀਂ ਹਨ। ਰਹਿਤ ਮਰਯਾਦਾ ਅਨੁਸਾਰ, ਸਿੱਖ ਧਰਮ ਵਿੱਚ ਪੈਦਾ ਹੋਏ ਬੱਚੇ ਦੇ ਨਾਮ ਪਿੱਛੇ ਸਿੰਘ ਅਤੇ ਕੌਰ ਲਿਖੇ ਜਾਂਦੇ ਹਨ ਪਰ ਕਈ ਅਜਿਹੀਆਂ ਵੋਟਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਦੇ ਨਾਂਅ ਪਿੱਛੇ ਸਿੰਘ ਜਾਂ ਕੌਰ ਦਾ ਨਾਂਅ ਨਹੀਂ ਹੈ ਜਿਸ ਤੋਂ ਇਹ ਸਪੱਸ਼ਟ ਹੈ ਕਿ ਵੋਟਰ ਸੂਚੀਆਂ ਵਿੱਚ ਧਾਂਦਲੀ ਹੋਈ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਸਿੱਖ ਧਰਮ ਦਾ ਗਿਆਨ ਨਹੀਂ ਹੈ। ਉਹ ਵੋਟਰ ਕਿਵੇਂ ਬਣ ਸਕਦਾ ਹੈ ? ਅਜਿਹਾ ਕਰਕੇ ਸਿੱਖ ਧਾਰਮਿਕ ਸਥਾਨਾਂ ਵਿੱਚ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਈ ਥਾਵਾਂ ’ਤੇ, ਅਸਲ ਵੋਟਾਂ ਰੱਦ ਕਰ ਦਿੱਤੀਆਂ ਗਈਆਂ ਹਨ। ਜਿਸ ਕਾਰਨ ਸਿੱਖ ਧਰਮ ਨੂੰ ਮੰਨਣ ਵਾਲੇ ਬਹੁਤ ਸਾਰੇ ਲੋਕ ਵੋਟ ਨਹੀਂ ਪਾ ਸਕਣਗੇ। ਉਨ੍ਹਾਂ ਦੋਸ਼ ਲਗਾਇਆ ਹੈ ਕਿ ਇਹ ਸਾਰੀ ਕਾਰਵਾਈ ਸਰਕਾਰੀ ਸਾਜ਼ਿਸ਼ ਦੇ ਹਿੱਸੇ ਵਜੋਂ ਕੀਤੀ ਗਈ ਹੈ। ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਕਮਿਸ਼ਨ ਨੂੰ ਸਮੀਖਿਆ ਲਈ ਸਮਾਂ ਦੇਣ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਸਾਰੀਆਂ ਗੱਲਾਂ ਦੀ ਸਹੀ ਢੰਗ ਨਾਲ ਜਾਂਚ ਕੀਤੀ ਜਾ ਸਕੇ। 31 ਮਾਰਚ ਤੱਕ ਦਾ ਸਮਾਂ ਮੰਗਿਆ ਗਿਆ ਹੈ। ਗੁਰਦੁਆਰਾ ਚੋਣ ਬੋਰਡ ਨੂੰ ਮਿਲਣ ਗਏ ਵਫ਼ਦ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਐਸਜੀਪੀਸੀ ਮੁਖੀ ਹਰਜਿੰਦਰ ਸਿੰਘ ਧਾਮੀ ਵੀ ਮੌਜੂਦ ਸਨ ਪਰ ਦੋਵੇਂ ਆਗੂਆਂ ਨੇ ਲੀਡਰਾਂ ਵੱਲੋਂ ਕੀਤੀ ਗਈ ਪ੍ਰੈਸ ਕਾਨਫ਼ਰੰਸ ਵਿੱਚ ਹਿੱਸਾ ਨਹੀਂ ਲਿਆ।

## ਅਮਰੀਕਾ ਤੋਂ ਡਿਪੋਰਟ ਹੋਣਗੇ 18 ਹਜ਼ਾਰ ਭਾਰਤੀ, ਮੋਦੀ ਸਰਕਾਰ ਨੇ ਵੀ ਦੇ ਦਿੱਤੀ ਸਹਿਮਤੀ

**ਨਵੀਂ ਦਿੱਲੀ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ ਵਿੱਚ ਗੈਰ-ਕਾਨੂੰਨੀ ਭਾਰਤੀਆਂ ਨੂੰ ਵੱਡਾ ਝਟਕਾ ਲੱਗਾ ਹੈ। ਭਾਰਤ ਸਰਕਾਰ ਉਨ੍ਹਾਂ ਦੀ ਬਾਂਹ ਨਹੀਂ ਫੜੇਗੀ। ਇਸ ਲਈ ਹੁਣ ਤੈਅ ਹੈ ਕਿ 18 ਹਜ਼ਾਰ ਭਾਰਤੀਆਂ ਨੂੰ ਅਮਰੀਕਾ ਤੋਂ ਬਾਹਰ ਕੱਢਿਆ ਜਾਵੇਗਾ। ਅਮਰੀਕਾ ਦੇ ਦੌਰੇ ’ਤੇ ਗਏ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਬੁੱਧਵਾਰ ਨੂੰ ਕਿਹਾ ਕਿ ਅਸੀਂ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਭਾਰਤੀ ਨਾਗਰਿਕਾਂ ਦੀ ਵਾਪਸੀ ਲਈ ਤਿਆਰ ਹਾਂ। ਵਿਦੇਸ਼ ਮੰਤਰੀ ਨੇ ਇਸ ਮੁੱਦੇ ’ਤੇ ਭਾਰਤ ਦੇ ਸਟੈਂਡ



ਨੂੰ ਇਕਸਾਰ ਤੇ ਸਿਧਾਂਤਕ ਦੱਸਿਆ। ਜੈਸ਼ੰਕਰ ਨੇ ਇਸ ਸਬੰਧੀ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗੱਲ ਕੀਤੀ ਹੈ। ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੇ ਇਹ ਜਾਣਕਾਰੀ ਵਾਸ਼ਿੰਗਟਨ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ। ਕਾਨਫਰੰਸ ਦੌਰਾਨ ਜੈਸ਼ੰਕਰ ਨੇ ਕਿਹਾ, ਸਾਡਾ ਮੰਨਣਾ ਹੈ ਕਿ ਜੇਕਰ ਸਾਡੇ ਨਾਗਰਿਕ ਇੱਥੇ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਹਨ ਤੇ ਇਹ ਪੁਸ਼ਟੀ ਹੋ ਜਾਂਦੀ ਹੈ ਕਿ ਉਹ ਸਾਡੇ ਨਾਗਰਿਕ ਹਨ ਤਾਂ ਅਸੀਂ ਉਨ੍ਹਾਂ ਦੀ ਵਾਪਸੀ ਲਈ ਹਮੇਸ਼ਾ ਤਿਆਰ ਹਾਂ। ਉਨ੍ਹਾਂ ਕਿਹਾ ਕਿ ਭਾਰਤ ਗੈਰ-ਕਾਨੂੰਨੀ ਪ੍ਰਵਾਸ ਦਾ ਸਖ਼ਤ ਵਿਰੋਧ ਕਰਦਾ ਹੈ। ਇਹ ਦੇਸ਼ਾਂ ਦੇ ਅਕਸ ਲਈ ਚੰਗਾ ਨਹੀਂ ਕਿਉਂਕਿ ਇਹ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦਾ ਹੈ। ਦੱਸ ਦਈਏ ਕਿ ਭਾਰਤ ਵੱਲੋਂ ਆਪਣਾ ਸਟੈਂਡ ਸਪਸ਼ਟ ਕਰਨ ਮਗਰੋਂ ਹੁਣ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ 18 ਹਜ਼ਾਰ ਭਾਰਤੀ ਆਪਣੇ ਦੇਸ਼ ਵਾਪਸ ਪਰਤਣਗੇ। ਅਮਰੀਕੀ ਵੈੱਬਸਾਈਟ ਬਲੂਮਬਰਗ ਦੀ ਇੱਕ ਰਿਪੋਰਟ ਦੇ ਅਨੁਸਾਰ, ਉਨ੍ਹਾਂ ਕੋਲ ਅਮਰੀਕੀ ਨਾਗਰਿਕਤਾ ਨਹੀਂ ਹੈ। ਉਨ੍ਹਾਂ ਕੋਲ ਉੱਥੇ ਨਾਗਰਿਕਤਾ ਪ੍ਰਾਪਤ ਕਰਨ ਲਈ ਢੁਕਵੇਂ ਦਸਤਾਵੇਜ਼ ਵੀ ਨਹੀਂ ਹਨ। ਇਸ ਲਈ ਉਨ੍ਹਾਂ ਨੂੰ ਅਮਰੀਕਾ ਛੱਡਣਾ ਹੀ ਪਵੇਗਾ। ਦਰਅਸਲ ਪਿਛਲੇ ਮਹੀਨੇ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਨਜਿੱਠਣ ਵਾਲੀ ਸਰਕਾਰੀ ਏਜੰਸੀ (935) ਨੇ ਲਗਪਗ 15 ਲੱਖ ਲੋਕਾਂ ਦੀ ਸੂਚੀ ਤਿਆਰ ਕੀਤੀ ਸੀ ਜੋ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਹਨ। ਇਸ ਸੂਚੀ ਵਿੱਚ 18 ਹਜ਼ਾਰ ਭਾਰਤੀ ਸ਼ਾਮਲ ਹਨ। ਅਮਰੀਕੀ ਸਰਕਾਰ ਦੇ ਅੰਕੜਿਆਂ ਅਨੁਸਾਰ 2023 ਵਿੱਚ 3,86,000 ਲੋਕਾਂ ਨੂੰ 8-12 ਵੀਜ਼ਾ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚੋਂ ਲਗਭਗ ਤਿੰਨ-ਚੌਥਾਈ ਭਾਰਤੀ ਨਾਗਰਿਕ ਹਨ।

# AWAZE QAUM TOUR & TRAVEL UK &
## SINGH TRAVEL CANADA JATHA

15 ਸਾਲ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਾਂ - YATRA SEWA SINCE 2010

# YATRA NANKANA SAHIB

WE WILL ALSO BE VISITING 25+ GURDWARA'S AND HISTORICAL PLACES

**20 FEBRUARY TO 27 FEBRUARY, 2025**

UK, EUROPE, ITALY, CANADA, USA SANGAT CAN JOIN OUR JATHA WITH FAMILIES & FRIENDS









## YATRA INCLUDES:

- GURDWARA NANKANA SAHIB
- GURDWARA PATTI SAHIB
- GURDWARA TAMBU SAHIB
- GURDWARA KIARA SAHIB
- GURDWARA MALJI SAHIB
- GURDWARA BAL LILA SAHIB
- GURDWARA SACHA SAUDA
- GURDWARA RORI SAHIB
- GURDWARA PANJA SAHIB
- GURDWARA BEBE DI BER SIALKOT
- GURDWARA DERA SAHIB
- JANAM ASTHAN BEBE NANKI JI
- BHAI LALU JI DA GHAR
- JANAM ASTHAN GURU RAMDAS JI
- GURDWARA SHRI KARTARPUR SAHIB
- GURDWARA SHAHEED GANJ LAHORE
- MATA SAHIB KAUR JI JANAM ASTHAN
- DARBAR SAI MIAN MIR JI
- SHAHI QILA (SIKH FORT)
- SHOPPING AT ANARKALI BAZAR

Yatra Booking, Please contact:

**RAGHBIR SINGH**

**Tel: +44 7976 210161**

## YATRA PACKAGE INCLUDES:

PAKISTAN VISA + HOTEL (TWIN SHARED) + LUXURY TRANSPORT + VEG FOOD + MINERAL WATER + TRIP YATRA PHOTO & VIDEOS + WiFi & MUCH MORE

**CANADA. +1 647-231-1600 - USA. +1 716-342-6007**

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l
Contact :
+447458381111
+447976210161
+919729091243





ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਤੇਰੇ ਜਨ ਪਰਉਪਕਾਰੀ ਆਏ

ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼
ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ
100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ


ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473


ਮਹੰਤ ਕਾਹਨ ਸਿੰਘ ਸੇਵਾਪੰਥੀ


ਸੰਤ ਰਣਜੀਤ ਸਿੰਘ ਸੇਵਾਪੰਥੀ

ਵਿਸ਼ੇਸ਼ ਸਹਿਯੋਗ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ




# ਢਾਡੀ ਕਲਾ ਦਾ ਬਹੁਮੁੱਲਾ ਹੀਰਾ - ਗਿਆਨੀ ਦਇਆ ਸਿੰਘ

**(26 ਜਨਵਰੀ) ਬਰਸੀ 'ਤੇ ਵਿਸ਼ੇਸ਼**

ਢਾਡੀ ਕਲਾ ਪੰਜਾਬ ਦੇ ਲੋਕ-ਸੰਗੀਤ ਦਾ ਇਕ ਅਹਿਮ ਅੰਗ ਹੀ ਨਹੀਂ, ਸਗੋਂ ਪੰਜਾਬ ਦੀ ਧਰਤੀ ਦਾ ਕੀਮਤੀ ਵਿਰਸਾ ਵੀ ਹੈ । ਪੰਜਾਬ ਦੇ ਆਮ ਪੇਂਡੂ ਇਲਾਕੇ ਦੇ ਲੋਕਾਂ ਵਿੱਚ ਪੰਜਾਬ ਦੇ ਇਤਿਹਾਸ ਦਾ ਸੰਚਾਰ ਕਰਨ ਲਈ ਇਸ ਢਾਡੀ ਕਲਾ ਦਾ ਵੱਡਾ ਯੋਗਦਾਨ ਹੈ । ਵੀਹਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਇਸ ਕਲਾ ਨੂੰ ਸੰਭਾਲਣ ਲਈ ਜਿਹੜਾ ਯੋਗਦਾਨ ਮਰਹੂਮ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਨੇ ਪਾਇਆ, ਉਸ ਦਾ ਜ਼ਿਕਰ ਸ਼ਬਦਾਂ ਦਾ ਮੁਹਤਾਜ ਨਹੀਂ । ਗਿਆਨੀ ਦਇਆ ਸਿੰਘ ਦਿਲਬਰ ਇਕੋ ਸਮੇਂ ਅਨੇਕਾਂ ਗੁਣਾਂ ਨੂੰ

ਆਵਾਜ਼ਿ ਕੌਮ AWAZE QAUM
International Newspaper & WEB TV

ਲੈ ਕੇ ਇਸ ਸਾਂਝੇ ਪੰਜਾਬ ਦੀ ਧਰਤੀ 'ਤੇ ਜਨਮਿਆ । ਦਿਲਬਰ ਜਿਥੇ ਗੁਰਮਤਿ ਸਿਧਾਂਤਾਂ ਦਾ ਵਿਦਵਾਨ ਸੀ, ਉਥੇ ਨਿਧੜਕ ਵਕਤਾ, ਕਲਮ ਦਾ ਧਨੀ, ਢਾਡੀ ਕਲਾ ਦਾ ਬੇਤਾਜ ਬਾਦਸ਼ਾਹ ਅਤੇ ਪੰਥਕ ਸਟੇਜਾਂ ਦਾ ਸ਼ਿੰਗਾਰ ਸੀ । ਉਹ ਸ਼ਬਦਾਂ ਦਾ ਜਾਦੂਗਰ ਸੀ । ਘੰਟਿਆਂ ਬੱਧੀ ਸੰਗਤ ਮੰਤਰ ਮੁਗਧ ਹੋ ਕੇ ਬੈਠੀਆਂ ਜੈਕਾਰੇ ਗੂੰਜਾਉਂਦੀਆਂ ਆਪਾ ਭੁੱਲ ਕੇ ਉਸ ਨੂੰ ਭਰਪੂਰ ਦਾਦ ਦਿੰਦੀਆਂ ਸਨ ।



ਢਾਡੀ ਦਇਆ ਸਿੰਘ ਦਿਲਬਰ ਦਾ ਜਨਮ 9 ਨਵੰਬਰ, 1930 ਨੂੰ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਸਹਾਰੀ ਵਿਖੇ ਸ। ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਹੋਇਆ । 17 ਕੁ ਵਰ੍ਹਿਆਂ ਦੀ ਉਮਰ ਵਿੱਚ ਦਿਲਬਰ ਆਪਣੇ ਮਾਤਾ ਪਿਤਾ ਨਾਲ ਦੇਸ਼ ਦੀ ਵੰਡ ਨਾਲ ਦੁੱਖਾਂ ਤਕਲੀਫਾਂ ਦਾ ਝੰਬਿਆ, ਬਾਕੀ ਰਿਫੂਜੀਆਂ ਵਾਂਗ ਉਜਾੜੇ ਦੀ ਪੀੜ੍ਹਾ ਨੂੰ ਹੰਢਾਉਂਦਿਆਂ ਮੌਜੂਦਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਨੇੜੇ ਪਿੰਡ ਸਲੋਅ ਪਹੁੰਚ ਗਿਆ । ਦੇਸ਼ ਦੀ ਵੰਡ ਤੋਂ ਪਹਿਲਾਂ ਮਰਹੂਮ ਲੇਖਕ ਅਤੇ ਢਾਡੀ ਕਲਾ ਦੇ ਧਰੂ-ਤਾਰੇ ਗਿਆਨੀ ਸੋਹਣ ਸਿੰਘ ਸੀਤਲ ਨੂੰ ਪੰਥਕ ਸਟੇਜਾਂ ਤੋਂ ਬੋਲਦਿਆਂ ਸੁਣ ਕੇ ਅੰਤਰ ਆਤਮਾ ਤੋਂ ਢਾਡੀ ਬਣਨ ਦਾ ਨਿਰਣਾ ਲੈ ਚੁੱਕਾ ਸੀ । ਕਵੀਸ਼ਰੀ ਲਈ ਸ। ਕਰਤਾਰ ਸਿੰਘ ਬੀਰਮਪੁਰ ਨੂੰ ਆਪਣਾ ਉਸਤਾਦ ਧਾਰਿਆ । ਚੜ੍ਹਦੇ ਪੰਜਾਬ ਵਿੱਚ ਆ ਕੇ ਢਾਡੀ ਜਥਾ ਬਣਾਇਆ । ਕਲਮ ਦਾਰ ਵਜੋਂ ਅਤੇ ਇਕ ਸਫਲ ਕਵੀ ਵਜੋਂ ਬੀਰ ਰਸੀ ਵਾਰਾਂ ਦੀ ਰਚਨਾ ਕਰਕੇ ਵਾਰ ਸਾਹਿਤ ਦੇ ਖਜ਼ਾਨੇ ਨੂੰ ਭਰਪੂਰ ਕੀਤਾ । ਲਗਪਗ 20 ਪੁਸਤਕਾਂ ਢਾਡੀ ਕਲਾ ਦੇ ਚਹੇਤੇ ਪਾਠਕਾਂ ਦੀ ਝੋਲੀ ਵਿੱਚ ਪਾਈਆਂ । ਜਦੋਂ ਸੀ ਡੀ।, ਵੀ ਸੀ ਡੀ। ਦਾ ਸਮਾਂ ਆਇਆ ਤਾਂ ਦਿਲਬਰ ਨੇ 50 ਤੋਂ 60 ਤੱਕ ਵੱਖ-ਵੱਖ ਐਲਬਮਾਂ ਵੱਖਰੀਆਂ-ਵੱਖਰੀਆਂ ਕੰਪਨੀਆਂ ਤੋਂ ਰਿਕਾਰਡ ਕਰਵਾ ਕੇ ਦੇਸ਼-ਵਿਦੇਸ਼ ਦੇ ਢਾਡੀ ਕਲਾ ਦੇ ਸਰੋਤਿਆਂ ਦੀ ਵਾਹ-ਵਾਹ ਖੱਟੀ ।

ਦੇਸ਼-ਵਿਦੇਸ਼ ਦੀਆਂ ਨਾਮਵਰ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਤੋਂ ਸੈਂਕੜੇ ਮਾਣ-ਸਨਮਾਨ ਪ੍ਰਾਪਤ ਕੀਤੇ । 1979 ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੋਨੇ ਦੇ ਢਾਈ ਤੋਲੇ ਦੇ ਮੈਡਲ, ਦੁਸ਼ਾਲੇ ਅਤੇ ਨਕਦੀ ਦੇ ਕੇ ਸਨਮਾਨਿਤ ਕੀਤਾ ਗਿਆ । 1994 ਈ: ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਢਾਡੀ ਪੁਰਸਕਾਰ ਮਿਲਿਆ । ਪ੍ਰੋਫੈਸਰ ਮੋਹਨ ਸਿੰਘ ਮੇਲੇ ਅਤੇ ਸ਼ੌਕੀ ਮੇਲੇ 'ਤੇ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ । ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਚਾਰ ਸੌ ਸਾਲਾ ਯਾਦਗਾਰੀ ਸਥਾਪਨਾ ਸਮਾਗਮਾਂ ਸਮੇਂ ਪੰਜਾਬ ਸਰਕਾਰ ਵੱਲੋਂ ਮਿਲਿਆ ਵਿਸ਼ੇਸ਼ ਸਨਮਾਨ ਵੀ ਦਿਲਬਰ ਦੀ ਵਿਸ਼ੇਸ਼ ਪ੍ਰਾਪਤੀ ਸੀ । 26 ਜਨਵਰੀ, 2006 ਨੂੰ ਜਦੋਂ ਸਮੁੱਚਾ ਦੇਸ਼ ਗਣਤੰਤਰ ਦਿਵਸ ਦੀ ਵਰ੍ਹੇਗੰਢ ਮਨਾਉਣ ਵਿੱਚ ਮਸ਼ਰੂਫ਼ ਸੀ, ਉਸੇ ਦਿਨ ਕੌਮ ਦਾ ਇਹ ਹੀਰਾ ਪੁੱਤਰ ਜ਼ਿੰਦਗੀ ਦਾ ਸਫ਼ਰ ਮੁਕਾ ਕੇ ਗੁਰੂ ਦੀ ਗੋਦ ਵਿੱਚ ਬਿਰਾਜ ਰਿਹਾ ਸੀ । ਅੱਜ ਢਾਡੀ ਕਲਾ ਦੇ ਇਸ ਬੇਸ਼ਕੀਮਤੀ ਹੀਰੇ ਗਿਆਨੀ ਦਇਆ ਸਿੰਘ ਦਿਲਬਰ ਨੂੰ ਸਮੁੱਚੀ ਗੁਰੂ ਨਾਨਕ ਨਾਮ ਲੇਵਾ ਸੰਗਤ ਅਤੇ ਢਾਡੀ ਕਲਾ ਦੇ ਪ੍ਰਸ਼ੰਸਕ, ਗਹਿਰ-ਗੰਭੀਰ ਸਰੋਤੇ ਹਿਰਦੇ ਦੀਆਂ ਡੂੰਘਾਈਆਂ ਤੋਂ ਯਾਦ ਕਰ ਰਹੇ ਹਨ । ਅਜਿਹੇ ਗੁਣੀਂ ਇਨਸਾਨਾਂ ਦੀ ਘਾਟ ਕੌਮਾਂ ਦਾ ਨਾ-ਪੂਰਿਆ ਜਾਣ ਵਾਲਾ ਘਾਟਾ ਹੁੰਦਾ ਹੈ । ਅੱਜ ਦਿਲਬਰ ਦਾ ਯੋਗ ਸਪੁੱਤਰ ਗਿਆਨੀ ਕੁਲਜੀਤ ਸਿੰਘ ਦਿਲਬਰ ਪਿਤਾ ਪੁਰਖੀ ਵਿਰਾਸਤ ਨੂੰ ਸੰਭਾਲਣ ਲਈ ਲਗਾਤਾਰ ਯਤਨਸ਼ੀਲ ਹੈ।

-ਭਗਵਾਨ ਸਿੰਘ ਜੌਹਲ
bhagwansinghjohal@gmail.com



Waheguru Ji Ka Khalsa
Waheguru Ji Ke Fateh

Please join us to commemorate the 5th Barsi
In memory of our dearly beloved



# S. Serbjit Singh Landa

## SRI AKHAND PAATH SAHIB

31st January 2025 - 02nd February 2025

At Gurdwara Baba Budha Ji, Miri Piri House
329 Haydn Road, Nottingham, NG5 1DG

| | | |
|---|---|---|
| Friday 31st Jan 2025 | 10.00 am | Arambh Sri Akhand Paath Sahib |
| Sunday 2nd Feb 2025 | 11.00 am | Bhog Sri Akhand Paath Sahib |
| | 12.00 pm | Kirtan by Bhai Jagtar Singh Ji (Jammu Wale) |

Guru Ji Ka Langar will be served throughout the programme.

The Landa family warmly invites you to join us at the Gurdwara Sahib to seek Guru Ji's blessings.

For additional information, please contact
S. Karamjit Singh Landa - 07855 979 263

ਆਵਾਜ਼ਿ ਕੌਮ
AWAZE QAUM
International Newspaper & WEB TV




# ਖਾਲਸਾ ਪੰਚਾਇਤਾਂ ਦਾ ਸੰਕਲਪ ਕਿਵੇਂ ਰੂਪਮਾਨ ਹੋਵੇ ?

24 ਜਨਵਰੀ 2025 ਨੂੰ 35 ਸਾਲ ਹੋ ਜਾਣਗੇ, ਜਦੋਂ ਸਿੱਖ ਕੌਮ ਦੇ ਰੌਸ਼ਨ ਦਿਮਾਗ ਆਗੂ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਇੱਕ ਸਾਜ਼ਿਸ਼ ਦੇ ਤਹਿਤ ਕਤਲ ਕਰਕੇ ਸਿੱਖ ਕੌਮ ਕੋਲੋਂ ਖੋਹ ਲਿਆ ਗਿਆ ਸੀ। ਬੀਤੇ ਸਮੇਂ ਨੂੰ ਮੁੜ ਕੇ ਵਾਪਸ ਨਹੀਂ ਲਿਆਂਦਾ ਜਾ ਸਕਦਾ, ਪਰ ਕਿਸੇ ਸ਼ਖਸੀਅਤ ਦੇ ਚਲੇ ਜਾਣ ਪਿੱਛੋਂ ਉਸ ਦੀ ਸੋਚ ਨੂੰ ਜਿਊਂਦਾ ਰੱਖਣ ਲਈ ਜਾਂ ਫਿਰ ਉਸ ਦੇ ਕਿਸੇ ਸੁਪਨੇ ਨੂੰ ਸਾਕਾਰ ਕਰਨ ਲਈ ਲੱਕ ਬੰਨ੍ਹ ਕੇ ਕੰਮ ਜ਼ਰੂਰ ਕੀਤਾ ਜਾ ਸਕਦਾ ਹੈ। ਭਾਈ ਹਰਮਿੰਦਰ ਸਿੰਘ ਸੰਧੂ ਸਿੱਖਾਂ ਦੇ ਕੌਮੀ ਨਿਸ਼ਾਨੇ


**ਬਲਜੀਤ ਸਿੰਘ ਖ਼ਾਲਸਾ**
98554 31284


ਬਾਰੇ ਪੂਰੀ ਤਰ੍ਹਾਂ ਸਪਸ਼ਟ ਸੀ ਕਿ ਖਾਲਿਸਤਾਨ ਸਿੱਖਾਂ ਦਾ ਕੌਮੀ ਹੱਕ ਹੈ ਅਤੇ ਦੁਨੀਆਂ ਦੇ ਨਕਸ਼ੇ ਉੱਤੇ ਖ਼ਾਲਿਸਤਾਨ ਨਾਮ ਹੇਠ ਸਿੱਖਾਂ ਦਾ ਆਪਣਾ ਦੇਸ਼ ਹੋਂਦ ਵਿੱਚ ਆਉਣਾ ਬਹੁਤ ਜ਼ਰੂਰੀ ਹੈ। ਇਸ ਦੇ ਲਈ ਉਹ ਖਿੰਡੀ ਘੁੰਡੀ ਸਿੱਖ ਤਾਕਤ ਨੂੰ ਇਕੱਠਿਆਂ ਕਰਨਾ ਲੋਚਦਾ ਸੀ ਅਤੇ ਹਥਿਆਰਬੰਦ ਸੰਘਰਸ਼ ਦੇ ਨਾਲ਼ ਨਾਲ਼ ਲੋਕ ਲਹਿਰ ਉਸਾਰ ਕੇ ਖਾਲਸਾ ਪੰਚਾਇਤਾਂ ਦੀ ਸਥਾਪਨਾ ਨਾਲ਼ ਹੇਠਲੇ ਪੱਧਰ ਤੋਂ ਖਾਲਸਾਈ ਰਾਜ ਪ੍ਰਣਾਲੀ ਸਥਾਪਤ ਕਰਨ ਵੱਲ ਪਹਿਲਾ ਪ੍ਰਭਾਵਸ਼ਾਲੀ ਕਦਮ ਪੁੱਟਣ ਲਈ ਉਹ ਯਤਨਸ਼ੀਲ ਸੀ । ਭਾਈ ਹਰਮਿੰਦਰ ਸਿੰਘ ਸੰਧੂ ਦੀ ਾ ਖਾਲਸਾ ਪੰਚਾਇਤਾਂ ਕਾਇਮ ਕਰਨ ਦੀ ਰਣਨੀਤੀ ਨੂੰ ਆਪਣਿਆਂ ਨੇ ਓਨੀ ਡੂੰਘਾਈ ਨਾਲ਼ ਨਹੀਂ ਸੀ ਸਮਝਿਆ, ਜਿੰਨਾ ਦੁਸ਼ਮਣ ਨੇ ਸਮਝ ਲਿਆ। ਦਿੱਲੀ ਦੇ ਤਖ਼ਤ ਨੂੰ ਤਰੇਲੀਆਂ ਆ ਗਈਆਂ ਸਨ। ਭਾਵੇਂ ਕਿ ਉਸ ਸਮੇਂ ਆਪਣੇ ਆਪ ਨੂੰ ਸਿੱਖਾਂ ਦਾ ਹਮਦਰਦ ਆਖਣ ਵਾਲ਼ਾ ਵੀ.ਪੀ. ਸਿੰਘ ਪ੍ਰਧਾਨ ਮੰਤਰੀ ਸੀ, ਪਰ ਤੱਥ ਬੋਲਦੇ ਹਨ ਕਿ ਦਿੱਲੀ ਦੀ ਹਕੂਮਤ ਅਤੇ ਡੀਪ ਸਟੇਟ, ਖਾਲਸਾ ਪੰਚਾਇਤਾਂ ਦੀ ਸਥਾਪਤੀ ਨੂੰ ਰੋਕਣ ਲਈ ਹਰਕਤ ਵਿੱਚ ਆ ਗਈ ਸੀ। ਉਸ ਸਮੇਂ ਕਈ ਵਿਸ਼ਲੇਸ਼ਕਾਂ ਦਾ ਕਹਿਣਾ ਸੀ ਕਿ ਭਾਰਤੀ ਸਟੇਟ ਦੇ ਨੀਤੀ ਘਾੜੇ ਸਮਝਦੇ ਹਨ ਕਿ ਪੰਜਾਬ ਦੇ ਪਿੰਡਾਂ ਵਿੱਚ ਖਾਲਸਾ ਪੰਚਾਇਤਾਂ ਵਾਲ਼ਾ ਸਿਸਟਮ ਹੋਂਦ ਵਿੱਚ ਆ ਜਾਣ ਨਾਲ਼ ਅੰਧਾ ਖਾਲਿਸਤਾਨ ਬਣ ਜਾਣਾ ਹੈ। ਇਹ ਗੱਲ ਤਾਂ ਤੈਅ ਹੈ ਕਿ ਖਾਲਸਾ ਪੰਚਾਇਤਾਂ ਨੇ ਭਾਵੇਂ ਸਮਾਜਿਕ ਪੱਧਰ ਤੇ ਹੀ ਸਹੀ, ਸੌਖਾ ਨਿਆਂ ਦੇਣ ਵੱਲ ਇੱਕ ਲੰਮੀ ਪੁਲਾਂਘ ਤਾਂ ਪੁੱਟਣੀ ਹੀ ਸੀ, ਸਾਡੇ ਸਮਾਜ ਦੀ ਭਾਰਤੀ ਸਿਸਟਮ ਅਧੀਨ ਚੱਲਦੀਆਂ






ਅਦਾਲਤਾਂ ਤੇ ਨਿਰਭਰਤਾ ਵੀ ਬਹੁਤ ਘਟ ਜਾਣੀ ਸੀ। ਅਦਾਲਤਾਂ ਵਿੱਚ ਦੀਵਾਨੀ ਮੁਕਦਮੇ ਅਤੇ ਫ਼ੌਜਦਾਰੀ ਮੁਕਦਮੇ ਦੋ ਤਰ੍ਹਾਂ ਦੇ ਕੇਸ ਚੱਲਿਆ ਕਰਦੇ ਹਨ। ਖਾਲਸਾ ਪੰਚਾਇਤਾਂ ਫ਼ੌਜਦਾਰੀ (ਕ੍ਰਿਮੀਨਲ) ਮੁਕਦਮਿਆਂ ਵਿੱਚ ਬੇਸ਼ੱਕ ਪੂਰਨ ਰੂਪ ਵਿੱਚ ਬਹੁਤਾ ਕੁਝ ਨਾ ਕਰ ਸਕਦੀਆਂ, ਪਰ ਦੀਵਾਨੀ (ਸਿਵਲ) ਮੁਕਦਮੇ ਅਦਾਲਤਾਂ ਵਿੱਚ ਜਾਣੋਂ ਵੀ ਉਹ ਰੋਕ ਸਕਦੀਆਂ ਸਨ ਅਤੇ ਅਜਿਹੇ ਝਗੜੇ ਮੌਕੇ ਤੇ ਹੀ ਨਿਬੇੜ ਕੇ ਉਹਨਾਂ ਨੂੰ ਇਸ ਕਦਰ ਵਧਣੋਂ ਵੀ ਰੋਕ ਸਕਦੀਆਂ ਸਨ ਜਿਨ੍ਹਾਂ ਵਿੱਚ ਦੀਵਾਨੀ ਮੁਕਦਮੇਬਾਜ਼ੀ, ਬਾਅਦ ਵਿੱਚ ਝਗੜਾ ਵਧ ਕੇ ਫ਼ੌਜਦਾਰੀ ਮੁਕਦਮੇਬਾਜ਼ੀ ਵਿੱਚ ਵੀ ਬਦਲ ਜਾਇਆ ਕਰਦੀ ਹੈ। ਓਥੇ ਇਸ ਦਾ ਦੂਜਾ ਪੱਖ ਇਹ ਵੀ ਸੀ ਕਿ ਭਾਰਤੀ ਸਿਸਟਮ ਅਧੀਨ ਪਿੰਡਾਂ ਦੀਆਂ ਪੰਚਾਇਤਾਂ ਚੁਣੇ ਜਾਣ ਦੀ ਖੇਡ ਜੋ ਕਿ ਪਿੰਡਾਂ ਵਿੱਚ ਧੜੇਬੰਦੀਆਂ ਅਤੇ ਟਕਰਾਅ ਦਾ ਕਾਰਨ ਬਣਦੀ ਆ ਰਹੀ ਹੈ, ਉਸ ਦਾ ਵੱਲ ਵੀ ਵੱਡਾ ਕਦਮ ਪੁੱਟਿਆ ਜਾਣਾ ਸੀ। ਕੋਈ ਵੀ ਇਕ ਉਸਾਰੂ ਸਰਬ ਸੰਮਤੀ ਵਾਲ਼ਾ ਬਦਲ ਦਿੱਤੇ ਜਾਣ ਇਨਕਲਾਬ ਪਹਿਲੇ ਕਦਮ ਨਾਲ਼ ਹੀ ਨਹੀਂ ਵਾਪਰ ਜਾਂਦਾ, ਹੌਲ਼ੀ ਹੌਲ਼ੀ ਪੁਰਾਣੇ ਸਿਸਟਮ ਦੇ ਥੰਮ੍ਹ ਡੇਗ ਕੇ ਨਵੇਂ ਸਿਸਟਮ ਦੀ ਉਸਾਰੀ ਸ਼ੁਰੂ ਹੁੰਦੀ ਹੈ। ਖਾਲਸਾ ਪੰਚਾਇਤਾਂ ਨੇ ਭਾਰਤੀ ਸਿਸਟਮ ਦੀ ਥੋਪੀ ਗਈ ਗੁਲਾਮੀ ਦੇ ਕਈ ਥੰਮ੍ਹ ਡੇਗ ਕੇ ਖਾਲਸਾਈ ਸਿਸਟਮ ਉਸਾਰਨ ਵੱਲ ਇੱਕ ਵੱਡੀ ਪੁਲਾਂਘ ਪੁੱਟ ਲੈਣੀ ਸੀ। ਫੇਰ ਪੰਚਾਇਤੀ ਸਿਸਟਮ ਦੇ ਉੱਤੇ ਹੀ ਇੱਕ ਪੰਜਾਬ ਪੱਧਰ ਦੀ ਖਾਲਸਾਈ ਰਾਜ ਪ੍ਰਣਾਲੀ ਦਾ ਢਾਂਚਾ ਉਸਾਰਨ ਦੀ ਪੇਸ਼ਕਦਮੀ ਅਰੰਭ ਕਰ ਦਿੱਤੀ ਜਾਣੀ ਸੀ। ਭਾਈ ਹਰਮਿੰਦਰ ਸਿੰਘ ਸੰਧੂ ਨੇ ਉਸ ਸਮੇਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨਾਲ਼ ਵੀ ਇਸ ਬਾਰੇ ਗੱਲ ਕਰ ਲਈ ਸੀ ਅਤੇ ਇਸ ਖਾਲਸਾਈ ਪ੍ਰਣਾਲੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਵੀ ਪ੍ਰਾਪਤ ਹੋਣੀ ਸੀ। ਬਾਅਦ ਵਿੱਚ ਖ਼ਾਲਸਾ ਪੰਚਾਇਤਾਂ ਦੀ ਮਜ਼ਬੂਤ ਬੁਨਿਆਦ ਦੇ ਉੱਪਰ ਪੰਜਾਬ ਪੱਧਰ ਉੱਤੇ ਖਾਲਸਾਈ ਰਾਜ ਪ੍ਰਣਾਲੀ ਦੀ ਸਥਾਪਨਾ ਹੇਠਾਂ ਤੋਂ ਉੱਪਰ ਵੱਲ ਨੂੰ ਹੋਣੀ ਸੀ ਜੋ ਕਿ ਅਜੋਕੀ ਰਾਜ ਪ੍ਰਣਾਲ਼ੀ ਤੋਂ ਕਈ ਗੁਣਾ ਬਿਹਤਰ ਅਤੇ ਸ਼ਹੀਦ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਆਮ ਲੋਕਾਂ ਦੇ ਵਧੇਰੇ ਨੇੜੇ ਹੁੰਦੀ। ਇਹ ਕਿੰਨੇ ਅਚੰਭੇ ਵਾਲ਼ੀ ਗੱਲ ਹੈ ਕਿ ਅੱਜ ਸਿੱਖ ਪੰਥ ਦੇ ਬੁੱਧੀਜੀਵੀ ਹਲਕਿਆਂ ਅੰਦਰ ਸਿੱਖਾਂ ਦੀ ਵਿਗੜੀ ਸਵਾਰਨ ਦੀ ਚਰਚਾ ਦੌਰਾਨ ਗਾਹੇ ਬਗਾਹੇ ਪਿੰਡਾਂ ਅੰਦਰ ਖਾਲਸਾ ਪੰਚਾਇਤਾਂ ਦੀ ਗੱਲ ਕਿਤੋਂ ਨਾ ਕਿਤੋਂ ਉੱਭਰ ਹੀ ਆਉਂਦੀ ਹੈ; ਪਰ ਭਾਈ ਹਰਮਿੰਦਰ ਸਿੰਘ ਸੰਧੂ ਨੇ ਤਾਂ ਇਸ ਸੰਬੰਧੀ 35 ਸਾਲ ਪਹਿਲਾਂ ਇੱਕ ਖਾਲਸਾ ਪੰਚਾਇਤਾਂ ਦਾ ਇਹ ਸੁਪਨਾ ਇੱਕ ਨਿੱਗਰ ਰਣਨੀਤੀ ਘੜ ਵੀ ਲਈ ਸੀ। ਉਹਨਾਂ ਹਾਲਾਤ ਅੰਦਰ ਤਰੀਕੇ ਨਾਲ਼ ਸਾਕਾਰ ਕਰਨਾ ਕੋਈ ਔਖਾ ਵੀ ਨਹੀਂ ਸੀ। ਭਾਈ ਹਰਿਮੰਦਰ ਸਿੰਘ ਸੰਧੂ ਅੱਜ ਭਾਵੇਂ ਸਾਡੇ ਵਿੱਚ ਨਹੀਂ, ਪਰ ਉਸ ਦਾ ਖਾਲਸਾ ਪੰਚਾਇਤਾਂ ਦਾ ਸੰਕਲਪ ਅਜੇ ਵੀ ਜਿਊਂਦਾ ਜਾਗਦਾ ਹੈ। ਅਜੋਕੇ ਹਲਾਤ ਵਿੱਚ ਖਾਲਸਾ ਪੰਚਾਇਤਾਂ ਭਵਿੱਖ ਦੀ ਲੰਮੀ ਯੋਜਨਾਬੰਦੀ ਵਾਲ਼ੀ ਰਣਨੀਤੀ ਦੇ ਨਾਲ਼ ਨਾਲ਼ ਵਰਤਮਾਨ ਵਿੱਚ ਪਿੰਡਾਂ ਅੰਦਰ ਨਸ਼ਿਆਂ ਦੇ ਵਹਿਣ ਨੂੰ ਵੀ ਬੰਨ੍ਹ ਮਾਰ ਸਕਦੀਆਂ ਹਨ ਅਤੇ ਪੂਰਬੀ ਸੂਬਿਆਂ ਤੋਂ ਆ ਰਹੀਆਂ ਭਈਆਂ ਦੀਆਂ ਧਾੜਾਂ ਨੂੰ ਵੀ ਕਿਸੇ ਸਿਸਟਮ ਰਾਹੀਂ ਠੱਲ੍ਹ ਪਾ ਸਕਦੀਆਂ ਹਨ। ਪੰਥ ਦੇ ਬੁੱਧੀਜੀਵੀ ਹਲਕਿਆਂ ਨੂੰ ਖਾਲਸਾ ਪੰਚਾਇਤਾਂ ਦੇ ਇਸ ਸੰਕਲਪ ਤੇ ਦੁਬਾਰਾ ਪੇਸ਼ਕਦਮੀ ਅਰੰਭ ਕਰਨੀ ਚਾਹੀਦੀ ਹੈ।••

"ਹਕੂਮਤ-ਏ-ਹਿੰਦ ਨਾਲ ਟੱਕਰ ਲੈਣ ਲਈ ਮੈਂ ਐਨਾ ਹੀ ਕਰ ਸਕਿਆ, ਮੇਰਾ ਐਨਾ ਕੁ ਹਿੱਸਾ ਕਬੂਲ ਕਰਿਓ।"



ਬੰਦੀ ਸਿੰਘਾਂ ਦੇ ਦਰਦੀ

# ਬਾਬਾ ਸੂਰਤ ਸਿੰਘ ਜੀ ਖ਼ਾਲਸਾ

7 ਮਾਰਚ, 1933 - 14 ਜਨਵਰੀ, 2025

## ਅੰਤਮ ਸਸਕਾਰ, ਭੋਗ ਅਤੇ ਅਰਦਾਸ

ਐਤਵਾਰ, 26 ਜਨਵਰੀ 2025

**ਅੰਤਮ ਸਸਕਾਰ**

ਦੁਪਹਿਰ 11 ਤੋਂ 2 ਵਜੇ

Chapels Of Chimes • 32992 Mission Blvd, Hayward

**ਲੰਗਰ**

2:30 ਵਜੇ

**ਭੋਗ ਅਤੇ ਅੰਤਮ ਅਰਦਾਸ**

3 ਤੋਂ 5 ਵਜੇ

Gurdwara Sahib • 300 Gurdwara Rd., Fremont

ਰਵਿੰਦਰਜੀਤ ਸਿੰਘ ਗੋਗੀ: 661.978.0183

ਆਵਾਜ਼ਿ ਕੌਮ AWAZE QAUM International Newspaper & WEB TV


ਅੰਮ੍ਰਿਤਸਰ
ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੱਦੀ ਹੰਗਾਮੀ ਮੀਟਿੰਗ
28 ਜਨਵਰੀ ਨੂੰ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਬੁਲਾਈ ਇਕੱਤਰਤਾ
ਸਵੇਰੇ 11 ਵਜੇ ਕਈ ਅਹਿਮ ਪੰਥਕ ਮਸਲਿਆਂ 'ਤੇ ਕੀਤਾ ਜਾਵੇਗਾ ਵਿਚਾਰ-ਵਟਾਂਦਰਾ
ਆਵਾਜ਼ਿ ਕੌਮ AWAZE QAUM International Newspaper & WEB TV


ਆਵਾਜ਼ਿ ਕੌਮ AWAZE QAUM International Newspaper & WEB TV
ਕਥਾ ਵਿਚਾਰ
ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ
ਮਿਤੀ 24-25 ਜਨਵਰੀ
ਦਿਨ ਸ਼ੁੱਕਰਵਾਰ ਤੇ ਸ਼ਨਿੱਚਰਵਾਰ
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਸੰਪਰਕ : 98140-13915
ਸਿੱਧਾ ਪ੍ਰਸਾਰਨ :
CHARDIKLA TIME TV
ਸਮਾਂ : ਸਵੇਰੇ 7.30 ਤੋਂ 8.30 ਤੱਕ

## ਮਹਾਨ ਸਿੱਖ ਜਰਨੈਲ

# ਭਾਈ ਜੈਤਾ ਜੀ ਦੀ ਯਾਦ ਨੂੰ ਮਨਾਉਣਾ ਸ਼ਲਾਘਾਯੋਗ ਕਾਰਜ - ਜਥੇਦਾਰ ਦਾਦੂਵਾਲ






**ਸਿਰਸਾ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਮਹਾਨ ਸਿੱਖ ਜਰਨੈਲ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਜਿਨਾਂ ਨੂੰ ਗੁਰੂ ਸਾਹਿਬ ਵੱਲੋਂ ਰੰਗਰੇਟੇ ਗੁਰੂ ਕੇ ਬੇਟੇ ਹੋਣ ਦਾ ਮਾਣ ਪ੍ਰਾਪਤ ਹੋਇਆ ਉਨਾਂ ਦੀ ਕੁਰਬਾਨੀ ਨਿਵੇਕਲੀ ਹੈ ਜਿਨਾਂ ਨੇ ਗੁਰੂ ਤੇਗ ਬਹਾਦਰ ਮਹਾਰਾਜ ਦਾ ਸੀਸ ਦਿੱਲੀ ਤੋਂ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜਣਾ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਤੋਂ ਅਨੇਕਾਂ ਬਖਸ਼ਿਸ਼ਾਂ ਦੇ ਬਚਨ ਪ੍ਰਾਪਤ ਕੀਤੇ ਸਨ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਅਸਥਾਨ ਬਾਬਾ ਸਰਬਦਿਆਲ ਜੀ ਪਿੰਡ ਤਾਰੂਆਣਾ ਜਿਲਾ ਸਿਰਸਾ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਭਾਈ ਜੈਤਾ ਜੀ ਦਾ ਸਿੱਖ ਇਤਿਹਾਸ ਵਿੱਚ ਨਿਵੇਕਲਾ ਸਥਾਨ ਹੈ ਜਿਨਾਂ ਦੀ ਕੁਰਬਾਨੀ ਨੂੰ ਅਸੀਂ ਨਤਮਸਤਕ ਹਾਂ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਭਾਈ ਜੈਤਾ ਜੀ ਦੀ ਕੁਰਬਾਨੀ ਤੋਂ ਸਿੱਖਿਆ ਲੈ ਕੇ ਸਾਨੂੰ ਧਰਮ ਵਿੱਚ ਪ੍ਰਪੱਕ ਹੋਣਾ ਚਾਹੀਦਾ ਹੈ ਅਤੇ ਸਿੱਖੀ ਸਿਧਾਂਤਾਂ ਤੇ ਦ੍ਰਿੜਤਾ ਨਾਲ ਪਹਿਰਾ ਦੇਣਾ ਚਾਹੀਦਾ ਹੈ ਜਥੇਦਾਰ ਦਾਦੂਵਾਲ ਜੀ ਨੇ ਅਸਥਾਨ ਬਾਬਾ ਸਰਬਦਿਆਲ ਜੀ ਤੇ ਚੱਲ ਰਹੀ ਇਮਾਰਤ ਦੀ ਕਾਰ ਸੇਵਾ ਵਿੱਚ ਆਪਣੇ ਸੁਖ ਸੇਵਾ ਸਿਮਰਨ ਟਰਸੱਟ ਵੱਲੋਂ 51000 ਰੁਪਏ ਭੇਂਟ ਕੀਤੇ ਅਤੇ ਕਿਹਾ ਕੇ ਧਰਮ ਪ੍ਰਚਾਰ ਦੇ ਨਾਲ ਨਾਲ ਲੋਕ ਸੇਵਾ ਦੇ ਕਾਰਜ ਨਿਰੰਤਰ ਜਾਰੀ ਰਹਿਣਗੇ ਤਾਰੂਆਣਾ ਦੀ ਸਮੂੰਹ ਸਾਧਸੰਗਤ ਵਲੋਂ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਇਸ ਸਮੇਂ ਗ੍ਰੰਥੀ ਭਾਈ ਗੁਰਜੀਤ ਸਿੰਘ,ਗ੍ਰੰਥੀ ਭਾਈ ਕੇਵਲ ਸਿੰਘ,ਪ੍ਰਬੰਧਕ ਕਮੇਟੀ ਦੇ ਭਾਈ ਬਿੰਦਰ ਸਿੰਘ ਤਾਰੂਆਣਾ,ਭਾਈ ਭੀਮਾ ਸਿੰਘ ਤਾਰੂਆਣਾ,ਸਰਪੰਚ ਗੁਰਪਿਆਸ ਸਿੰਘ ਤਾਰੂਆਣਾ,ਸਰਪੰਚ ਮੋਹਨਪ੍ਰੀਤ ਸਿੰਘ ਸਿੰਘਪੁਰਾ,ਸਰਪੰਚ ਗੁਰਮੀਤ ਸਿੰਘ ਚਕੇਰੀਆਂ,ਸਾਬਕਾ ਸਰਪੰਚ ਦਰਸ਼ਨ ਸਿੰਘ ਤਾਰੂਆਣਾ,ਭਾਈ ਦਲਬੀਰ ਸਿੰਘ ਤਾਰੂਆਣਾ,ਜਗਤਾਰ ਸਿੰਘ ਮੈਡੀਕਲ ਤਾਰੂਆਣਾ,ਜਸਪਾਲ ਸਿੰਘ ਮਿਸਤਰੀ ਤਾਰੂਆਣਾ,ਗੁਰਦੀਪ ਸਿੰਘ ਤਾਰੂਆਣਾ,ਯਾਦਵਿੰਦਰ ਸਿੰਘ ਤਾਰੂਆਣਾ,ਹਰਬੰਸ ਸਿੰਘ ਤਾਰੂਆਣਾ,ਕੇਹਰ ਸਿੰਘ ਤਾਰੂਆਣਾ,ਬੀਬੀ ਦਰਸ਼ਨ ਕੌਰ ਜੌੜਾ,ਹਰਬੰਸ ਸਿੰਘ ਮਿਸਤਰੀ ਤਾਰੂਆਣਾ,ਰਜਿੰਦਰ ਸਿੰਘ ਕਾਲਾਂਵਾਲੀ,ਮਹਿੰਦਰ ਸਿੰਘ ਚਹਿਲ ਕਾਲਾਂਵਾਲੀ,ਹਰਮਨਪ੍ਰੀਤ ਸਿੰਘ ਦਾਦੂ ਸਾਹਿਬ ਵੀ ਹਾਜਰ ਸਨ।

### ਅਸਥਾਨ ਦੀ ਸੇਵਾ ਲਈ ਭੇਂਟ ਕੀਤੇ 51 ਹਜਾਰ ਰੁਪਏ

# ਆਓ ਨੈਸ਼ਨਲ ਦਿਨ, ਜਾਤੀ ਹਿੱਤਾਂ ਤੋਂ ਉਪਰ ਉਠ ਦੇਸ਼ ਦੀ ਏਕਤਾ, ਅਖੰਡਤਾ ਤੇ ਭਾਈਚਾਰਕ ਸਾਂਝ ਨੂੰ ਮੁੱਖ ਰੱਖ ਰਲ-ਮਿਲ ਗਣਤੰਤਰ ਦਿਵਸ ਮਨਾਈਏ : ਪੀ.ਸੀ ਕੁਮਾਰ

ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਆਓ ਨੈਸ਼ਨਲ ਦਿਨ, ਜਾਤੀ ਹਿੱਤਾਂ ਤੋਂ ਉਪਰ ਉਠ ਦੇਸ਼ ਦੀ ਏਕਤਾ, ਅਖੰਡਤਾ ਤੇ ਭਾਈਚਾਰਕ ਸਾਂਝ ਨੂੰ ਮੁੱਖ ਰੱਖ ਰਲ—ਮਿਲ ਗਣਤੰਤਰ ਦਿਵਸ ਮਨਾਈਏ, ਇਹ ਵਿਚਾਰ ਸਾਂਝੇ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਇਹ ਵਿਚਾਰ ਅੱਜ ਤੋਂ ਨਹੀਂ ਜਦੋਂ ਤੋਂ ਸੂਰਤ ਸੰਭਾਲੀ, ਨੌਕਰੀ ਦੌਰਾਨ ਤੇ ਅੱਜ ਨੌਕਰੀ ਤੋਂ ਫਾਰਗ ਹੋਣ ਮਗਰੋਂ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਅਦਾਰਿਆਂ, ਪਰਮ ਜਾਤ—ਪਾਤ, ਊਚ—ਨੀਚ ਇਲਾਕਾਈ ਭਾਸ਼ਾਈ ਰਾਜਨੀਤੀ ਤੋਂ ਉਪਰ ਉਠ ਪਿਛਲੇ 60—65 ਸਾਲਾਂ ਤੋਂ ਸਵੇਰ ਦੀਆਂ ਸਭਾਵਾਂ, ਸਕੂਲਾਂ ਜਦੋਂ ਮੌਕਾ ਲੱਗਦਾ ਹੈ ਧਾਰਮਿਕ, ਸਮਾਜਿਕ, ਰਾਜਨੀਤਕ ਇਕੱਠਾਂ ਵਿਚ ਦਿੰਦੇ ਹੋਏ ਪੀ.ਸੀ ਕੁਮਾਰ 1947 ਦੀ ਹੱਡਬੀਤੀ ਦਸਦੇ ਹੋਏ ਹਜ਼ਾਰਾਂ ਸਾਲਾਂ ਦੀ ਗੁਲਾਮੀ ਮਗਰੋਂ 1947 ਜ਼ੋ ਪੰਜਾਬ ਬੰਗਾਲ ਆਦਿ ਦੀ ਵੰਡ ਸਮੇਂ ਧਰਮ ਦੇ ਨਾਮ ਜ਼ੋ ਹਜ਼ਾਰਾਂ ਨਹੀਂ ਲੱਖਾਂ ਤੋਂ ਵੱਧ ਹਿੰਦੂਆਂ, ਮੁਸਲਮਾਨਾਂ ਨੇ ਇਕ ਦੂਜੇ ਦਾ ਕਤਲੇਆਮ, ਇਜਤਾਂ ਲੁਟੀਆਂ, ਉਹ ਇਨਸਾਨੀਅਤ ਤੋਂ ਗਿਰੀ ਕੋਈ ਹਰਕਤਾਂ ਭੁਲੀਆਂ ਨਾ ਭੁਲ ਰਹੀ ਨ 'ਕਦੇ ਭੁਲੇਗੀ, ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ, ਆਜ਼ਾਦੀ ਹਰ ਭਾਰਤ ਵਾਸੀ ਦੇ ਸਹਿਯੋਗ ਨਾਲ ਮਗਰ ਅੰਗਰੇਜਾਂ ਦੀ ਘਿਣੌਲੀ ਚਾਲ 100 ਸਾਲ ਤੋਂ ਚਲੀ, ਉਹ ਅੱਗ ਜਾਂਦੇ ਲਾਕੇ ਪਾੜੋ ਰਾਜ ਕਰੋ, ਭਾਰਤ ਦੀਆਂ ਵੰਡੀਆਂ ਪਾ ਲੱਖਾਂ ਨਿਰਦੋਸ਼ਿਆਂ ਦਾ ਘਲੂਕਾਰਾ ਤਾਂ ਕਰਾ ਦਿੱਤਾ, ਜ਼ੋ ਅੱਜ ਵੀ ਉਹ ਬੀਜ ਜ਼ੋ ਨਫਰਤ ਈਰਖਾ ਰਾਗ ਦਿਵੇਸ ਧਰਮ ਜਾਤ ਦੇ ਨਾਮ ਤੇ ਲਾ ਗਏ ਅੱਜ ਵੀ ਵੱਧ ਫੁਲ ਹਰ ਦਾਇਰੇ ਇਲਾਕੇ ਵਰਗ ਵਿਚ ਚਾਹੇ ਉਹ ਸਰਕਾਰੀ, ਅਰਧ ਸਰਕਾਰੀ, ਧਾਰਮਿਕ, ਰਾਜਨੀਤੀ, ਅਸੈਬੰਲੀ, ਪਾਰਲੀਮੈਂਟ ਵਿਚ ਵੀ ਦੇਖਣ ਨੂੰ ਮਿਲ ਰਹੀ ਹੈ, ਜਿਸ ਸਦਕਾ ਅੱਜ ਇਹ ਨੈਸ਼ਨਲ ਤਿਓਹਾਰ ਜ਼ੋ ਆਜ਼ਾਦੀ ਤੇ ਕੁਝ ਦੇਰ ਮਗਰੋਂ ਇਨ੍ਹਾਂ ਜਾਤੀ ਰਾਜਨੀਤਕ ਹਿੱਤਾਂ ਤੋਂ ਉਪਰ ਉਠ ਸਾਂਝੀਵਾਲਤਾ, ਦੇਸ਼ ਹਿੱਤਾਂ ਨੂੰ ਮੁੱਖ ਰੱਖ ਜਨਤਾ ਤੇ ਸਰਕਾਰਾਂ ਮਿਲ ਕੇ ਜ਼ੋ ਅੱਜ ਰਾਜਨੀਤਕ ਪਾਰਟੀਆਂ ਨਾ ਹੈਨਸੀ ਜ਼ੋ ਅੱਜ ਧਾਰਮਿਕ, ਸਮਾਜਿਕ ਦਾਇਰਿਆਂ ਨਾਲ ਲੋਕਾਂ ਵਿਚ ਇਕ—ਦੂਜੇ ਲਈ ਨਫਰਤ ਈਰਖਾ ਏਨ੍ਹਾ ਵੱਧ ਗਿਆ ਜ਼ੋ ਵੋਟਾਂ ਦੀ ਰਾਜਨੀਤੀ ਸਦਕਾ ਸਰਕਾਰ ਸਿਰਫ ਹੀ ਸਿਰਫ ਜਿਸ ਪਾਰਟੀ ਦੀ ਹਕੂਮਤ ਉਸ ਦੇ ਹੀ ਕਾਰਜ ਕਰਤਾ ਨਜ਼ਰ ਤੇ ਲਾਭਪਾਤਰੀ ਸਟੇਟ ਰਾਸ਼ਟਰ ਪ੍ਰਤੀ ਮਾਨ ਸਨਮਾਨ ਨਾਲ ਨਿਵਾਜੇ ਜ਼ੋ ਲੋਕ ਹਿੱਤ ਨਾ ਬਲਕਿ ਨੁਕਸਾਨ ਦਾ ਹਿੱਤ ਹੈ।



# ਪ੍ਰਵੇਸ਼ ਵਰਮਾ ਵਲੋਂ ਪੰਜਾਬੀਆਂ ਪ੍ਰਤੀ ਦਿੱਤਾ ਅਤਿ ਦਰਜੇ ਦਾ ਨਫ਼ਰਤੀ ਬਿਆਨ ਸਵੀਕਾਰ ਕਰਨ ਯੋਗ ਨਹੀਂ, ਮੁਆਫੀ ਮੰਗੇ: ਸਰਨਾ



**ਨਵੀਂ ਦਿੱਲੀ, 23 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਭਾਜਪਾ ਆਗੂ ਪ੍ਰਵੇਸ਼ ਵਰਮਾ ਨੇ ਜੋ ਸਮੂਹ ਪੰਜਾਬੀਆਂ ਪ੍ਰਤੀ ਅਤਿ ਦਰਜੇ ਦਾ ਨਫ਼ਰਤੀ ਬਿਆਨ ਦਿੱਤਾ ਹੈ ।ਉਹ ਕਿਸੇ ਵੀ ਹਾਲਤ ਵਿੱਚ ਸਵੀਕਾਰ ਕਰਨ ਯੋਗ ਨਹੀਂ। ਇਸ ਬਿਆਨ ਲਈ ਪ੍ਰਵੇਸ਼ ਵਰਮਾ ਨੂੰ ਤੁਰੰਤ ਮਾਫ਼ੀ ਮੰਗਣੀ ਚਾਹੀਦੀ ਹੈ ਤੇ ਭਾਜਪਾ ਨੂੰ ਵੀ ਇਸ ਬਿਆਨ ਬਾਰੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ । ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਪ੍ਰਵੇਸ਼ ਵਰਮਾ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ 1947 ਤੋਂ ਲੈ ਕੇ ਹੁਣ ਤੱਕ ਜੇਕਰ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਹਨ ਤਾਂ ਇਸ ਪਿੱਛੇ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ ।1965 ਦੀ ਜੰਗ ਵੇਲੇ ਜੇਕਰ ਇੱਕ ਦਸਤਾਰਧਾਰੀ ਸਿੱਖ ਤੇ ਪੰਜਾਬ ਜਨਰਲ ਹਰਬਖਸ਼ ਸਿੰਘ ਨਾ ਹੁੰਦਾ ਤੇ ਸ਼ਾਇਦ ਪਾਕਿਸਤਾਨ ਦੀ ਹੱਦ ਦਿੱਲੀ ਤੋਂ ਵੀ ਅੱਗੇ ਹੁੰਦੀ ।ਇਹ ਪੰਜਾਬ ਦੇ ਸਿੱਖ ਫੌਜੀ ਹੀ ਸਨ ਜਿੰਨਾਂ ਨੇ 1948 ਦੇ ਕਬਾਇਲੀ ਹਮਲੇ ਵੇਲੇ ਸਮੁੱਚੇ ਕਸ਼ਮੀਰ ਨੂੰ ਪਾਕਿਸਤਾਨ ਦਾ ਹਿੱਸਾ ਬਣਨ ਤੋਂ ਰੋਕਿਆ ।ਪ੍ਰਵੇਸ਼ ਵਰਮਾ ਦਾ ਇਹ ਬਿਆਨ ਦੇਸ਼ ਲਈ ਜਾਨਾਂ ਵਾਰਨ ਵਾਲੇ ਸਮੂਹ ਪੰਜਾਬੀਆਂ ਦਾ ਅਪਮਾਨ ਹੈ ।ਇਸਦੇ ਲਈ ਪ੍ਰਵੇਸ਼ ਵਰਮਾ ਦਾ ਨੂੰ ਤੁਰੰਤ ਮਾਫੀ ਮੰਗਣੀ ਚਾਹੀਦੀ ਹੈ ।ਇਹ ਬਿਆਨ ਭਾਜਪਾ ਆਗੂਆਂ ਦੀ ਮਨਸ਼ਾ ਜਾਹਰ ਕਰਦਾ ਹੈ ਜੋ ਉਪਰੋਂ ਦਿਖਾਵੇ ਲਈ ਸਿੱਖ ਤੇ ਪੰਜਾਬ ਹਿਤੈਸ਼ੀ ਹੋਣ ਦਾ ਦਿਖਾਵਾ ਕਰਕੇ ਹਨ ਪਰ ਉਹ ਦਿਲੋਂ ਉਹਨਾਂ ਪ੍ਰਤੀ ਨਫ਼ਰਤ ਨਾਲ ਭਰੇ ਹੋਏ ਹਨ ।ਭਾਜਪਾ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਪ੍ਰਵੇਸ਼ ਵਰਮਾ ਦੇ ਬਿਆਨ ਨਾਲ ਸਹਿਮਤ ਹਨ ਜਾਂ ਨਹੀਂ ਤੇ ਜਾਂ ਭਾਜਪਾ ਪੰਜਾਬ ਨੂੰ ਦੇਸ਼ ਦਾ ਹਿੱਸਾ ਨਹੀ ਮੰਨਦੀ।ਮੈਂ ਕਹਿਣਾ ਚਾਹਾਂਗਾ ਕਿ ਦਿੱਲੀ ਉੱਪਰ ਪੰਜਾਬੀਆਂ ਦਾ ਓਨਾ ਹੀ ਹੱਕ ਹੈ ਜਿੰਨਾ ਹਰ ਦੇਸ਼ ਵਾਸੀ ਹੈ।

# ਲਓ ਜੀ ਸਮਾਨ ਵੇਚਣ ਜਾਂਦੇ ਨੂੰ ਬਣਾਇਆ ਲੁੱਟ ਦਾ ਸ਼ਿਕਾਰ

ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਪਿੰਡਾਂ ਵਿਚ ਸਾਮਾਨ ਵੇਚਣ ਜਾਂਦੇ ਵਿਅਕਤੀ ਨਾਲ ਹੋਈ ਲੁੱਟਖੋਹ ਦੀ ਦਰਖਾਸਤ ਪੁਲਿਸ ਪ੍ਰਸ਼ਾਸਨ ਨੂੰ ਦਿੰਦਿਆਂ ਪੀੜਤ ਨੇ ਲਾਈ ਇਨਸਾਫ ਦੀ ਗੁਹਾਰ। ਪੁਲਿਸ ਪ੍ਰਸ਼ਾਸਨ ਨੂੰ ਦਿੱਤੀ ਦਰਖਾਸਤ ਦਿੰਦਿਆਂ ਪੀੜਤ ਬਲਦੇਵ ਰਾਜ ਪੁੱਤਰ ਹੰਸ ਰਾਜ ਵਾਸੀ ਬਸਤੀ ਭੱਟੀਆਂ ਵਾਲੀ ਨੇ ਦੱਸਿਆ ਕਿ ਉਹ ਮੁਨਿਆਰੀ ਦੇ ਸਮਾਨ ਦੀ ਸਪਲਾਈ ਦੇਣ ਲਈ ਅਲੱਗ—ਅਲੱਗ ਪਿੰਡਾਂ ਵਿਚ ਜਾਂਦਾ ਹੈ ਅਤੇ ਇਸ ਦੌਰਾਨ ਬੀਤੇ ਦਿਨ ਪਿੰਡ ਢੀਂਡਸਾ ਵਿਖੇ ਸਮਾਨ ਦੇ ਕੇ ਵਾਪਸ ਫ਼ਿਰੋਜ਼ਪੁਰ ਸ਼ਹਿਰ ਆ ਰਿਹਾ ਸੀ ਕਿ ਪਿੰਡ ਢੀਂਡਸਾ ਕੋਲ ਉਸ ਨੂੰ ਚਿੱਟੇ ਰੰਗ ਦੀ ਕਾਰ ਰੁਕੀ, ਜਿਸ ਵਿਚ ਸਵਾਰ ਇਕ ਜਨਾਨੀ ਅਤੇ ਦੋ ਬੰਦਿਆਂ ਵੱਲੋਂ ਰਸਤਾ ਪੁਛਣਾ ਸ਼ੁਰੂ ਕਰ ਦਿੱਤਾ। ਉਸ ਨੇ ਕਿਹਾ ਕਿ ਰਸਤਾ ਪੁਛਣ ਦੇ ਬਹਾਨੇ ਰੋਕ ਕੇ ਉਕਤ ਵਿਅਕਤੀਆਂ ਵਿਚੋਂ ਇਕ ਵਿਅਕਤੀ ਨੇ ਕਾਪਾ ਅਤੇ ਕੱਟਾ ਸੀ, ਜਿਨ੍ਹਾਂ ਨੇ ਮੈਨੂੰ ਜਾਨੋ ਮਾਰਨ ਦੀ ਧਮਕੀ ਦਿੱਤੀ ਅਤੇ ਮੈਨੂੰ ਖਿੱਚ—ਧੂਹ ਕਰਦਿਆਂ ਕਿਹਾ ਕਿ ਜ਼ੋ ਵੀ ਹੈ ਦੇ ਅਤੇ ਇਸ ਦੌਰਾਨ ਉਕਤ ਮੁਲਜ਼ਮਾਂ ਨੇ ਉਸ ਕੋਲੋਂ ਧੱਕੇ ਨਾਲ ਇਕ ਮੋਬਾਇਲ ਜੀਓ ਦਾ ਜਿਸ ਵਿਚ ਸਿਮ ਨੰਬਰ 6239636159 ਸੀ ਅਤੇ ਨਗਦੀ 6800 ਰੁਪਏ ਦੀ ਖੋਹ ਕਰਕੇ ਫਰਾਰ ਹੋ ਗਏ। ਪੀੜਤ ਨੇ ਦੱਸਿਆ ਕਿ ਉਕਤ ਮੁਲਜ਼ਮ ਜਾਂਦੇ ਹੋਏ ਕਹਿ ਗਏ ਕਿ ਜੇਕਰ ਤੂੰ ਕਿਸੇ ਨੂੰ ਸ਼ਿਕਾਇਤ ਕੀਤੀ ਤਾਂ ਤੇਰਾ ਨੁਕਸਾਨ ਹੋਵੇਗਾ, ਜਦੋਂ ਕਿ ਸਾਡਾ ਕੁਝ ਵੀ ਨਹੀਂ ਵਿਗੜਣਾ। ਉਕਤ ਪੀੜਤ ਨੇ ਇਨਸਾਫ ਦੀ ਗੁਹਾਰ ਲਗਾਉਂਦਿਆਂ ਪੁਲਿਸ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਕਿ ਉਕਤ ਮੁਲਜ਼ਮਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਤਾਂ ਜ਼ੋ ਹੋਰ ਕਿਸੇ ਨਾਲ ਅਜਿਹੀ ਲੁੱਟ ਦੀ ਘਟਨਾ ਵਾਪਰਣ ਤੋਂ ਬਚਾਅ ਹੋ ਸਕੇ।



# ਜੇਨੇਸਿਸ ਡੈਂਟਲ ਕਾਲਜ ਵੱਲੋਂ ਮੰਡੀ ਰੱਤਾ ਖੇੜਾ ਚ ਦੰਦਾ ਦਾ ਮੁਫ਼ਤ ਚੈਕਅਪ ਕੈਂਪ



**ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ)** :—ਫ਼ਿਰੋਜ਼ਪੁਰ ਦੇ ਮੰਡੀ ਰੱਤਾ ਖੇੜਾ ਵਿੱਚ ਭਾਈ ਰੂਪ ਚੰਦ ਵੈਲਫੇਅਰ ਸੇਵਾ ਸੋਸਾਇਟੀ ਵੱਲੋਂ ਤਿੰਨ ਦਿਨ ਦਾ ਗੁਰਮਤ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਤਹਿਤ ਜੇਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਦੋ ਦਿਨ ਦਾ ਦੰਦਾ ਦਾ ਮੁਫ਼ਤ ਚੈਕਅਪ ਕੈਂਪ ਲਗਾਇਆ ਗਿਆ। ਕੈਂਪ ਦਾ ਮੁੱਖ ਉਦੇਸ਼ ਪਿੰਡ ਦੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਪਹੁੰਚਾਉਣਾ ਸੀ। ਕੈਂਪ ਵਿੱਚ ਡਾ। ਸੁਕੀਰਤ ਕੌਰ ਅਤੇ ਡਾ। ਸਿਰਜਨਦੀਪ ਨੇ 200 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਚੈਕਅਪ ਕੀਤਾ। ਵਿਸ਼ੇਸ਼ਗਿਆ ਡਾਕਟਰਾਂ ਨੇ ਮਰੀਜ਼ਾਂ ਦੀਆਂ ਵੱਖ ?ਵੱਖ ਸਿਹਤ ਸਮੱਸਿਆਵਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਜ਼ਰੂਰੀ ਸਲਾਹ ਅਤੇ ਇਲਾਜ ਪ੍ਰਦਾਨ ਕੀਤਾ।ਸਮਾਗਮ ਦੇ ਅੰਤ ਵਿੱਚ, ਕਾਲਜ ਦੇ ਪੀਆਰਓ ਰਣਜੀਤ ਸਿੰਘ ਅਤੇ ਮਨਜੀਤ ਧਾਲੀਵਾਲ ਨੇ ਸਾਰੇ ਹਾਜ਼ਰ ਲੋਕਾਂ ਨੂੰ ਮੁਫ਼ਤ ਟੂਥਬਰਸ਼, ਟੂਥਪੇਸਟ ਅਤੇ ਜ਼ਰੂਰੀ ਦਵਾਈਆਂ ਵੰਡੀਆਂ। ਇਸ ਉਪਰਾਲੇ ਦਾ ਮਕਸਦ ਸਿਹਤ ਅਤੇ ਸਫਾਈ ਪ੍ਰਤੀ ਜਾਗਰੂਕਤਾ ਫੈਲਾਉਣਾ ਸੀ। ਗ੍ਰਾਮੀਣ ਵਾਸੀਆਂ ਨੇ ਇਸ ਕੈਂਪ ਦੀ ਬਹੁਤ ਵਧੀਆ ਪ੍ਰਸ਼ੰਸਾ ਕੀਤੀ ਅਤੇ ਆਯੋਜਕਾਂ ਦਾ ਧੰਨਵਾਦ ਕੀਤਾ। ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਆਯੋਜਨ ਸਿਹਤ ਸੇਵਾਵਾਂ ਨੂੰ ਪਿੰਡਾਂ ਵਿੱਚ ਲਿਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਆਖਿਰ ਵਿੱਚ, ਸੇਵਾ ਸੋਸਾਇਟੀ ਦੇ ਬਾਬਾ ਭਾਈ ਸੁਖਮਿੰਦਰ ਸਿੰਘ ਨੇ ਜੇਨੇਸਿਸ ਡੈਂਟਲ ਕਾਲਜ ਦੀ ਟੀਮ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ।

ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਵੱਲੋਂ

# ਗੁਰਦੁਆਰਾ ਚੋਣ ਕਮਿਸ਼ਨਰ ਸ. ਸੁਰਿੰਦਰ ਸਿੰਘ ਸਾਰੋਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਬਣੀਆਂ ਵੋਟਾਂ ਵਿੱਚ ਹੋਈ ਵੱਡੀ ਧਾਂਦਲੀ ਬਾਰੇ ਲਿਖਤੀ ਸ਼ਿਕਾਇਤ ਸੌਂਪੀ ਗਈ



**ਅੰਮ੍ਰਿਤਸਰ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਵੱਲੋਂ ਗੁਰਦੁਆਰਾ ਚੋਣ ਕਮਿਸ਼ਨਰ ਸ. ਸੁਰਿੰਦਰ ਸਿੰਘ ਸਾਰੋਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਬਣੀਆਂ ਵੋਟਾਂ ਵਿੱਚ ਹੋਈ ਵੱਡੀ ਧਾਂਦਲੀ ਬਾਰੇ ਲਿਖਤੀ ਸ਼ਿਕਾਇਤ ਸੌਂਪੀ ਗਈ ।ਸ਼੍ਰੋਮਣੀ ਅਕਾਲੀ ਦਲ ਪੰਥਕ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ, ਅਸੀਂ ਗੁਰਦੁਆਰਾ ਚੋਣ ਕਮਿਸ਼ਨ ਤੋਂ ਮੰਗ ਕਰਦੇ ਹਾਂ ਕਿ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਹੋਵੇ ਤੇ ਦੋਸ਼ੀ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ ।ਸ਼੍ਰੋਮਣੀ ਕਮੇਟੀ ਦੀਆਂ ਵੋਟਰ ਸੂਚੀਆਂ ਵਿੱਚੋਂ ਗੈਰ ਸਿੱਖਾਂ ਦੀਆਂ ਬਣਾਈਆਂ ਗਈਆਂ ਜਾਅਲੀ ਵੋਟਾਂ ਨੂੰ ਤੁਰੰਤ ਰੱਦ ਕੀਤਾ ਜਾਵੇ । ਇਸ ਮੌਕੇ ਸ. ਬਲਵਿੰਦਰ ਸਿੰਘ ਭੂੰਦੜ (ਕਾਰਜਕਾਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ), ਐਡ. ਹਰਜਿੰਦਰ ਸਿੰਘ ਧਾਮੀ (ਪ੍ਰਧਾਨ SGPC), ਸ. ਸੁਖਬੀਰ ਸਿੰਘ ਬਾਦਲ ਸਾਬਕਾ ਉੱਪ ਮੁੱਖ ਮੰਤਰੀ, ਪੰਜਾਬ , ਡਾ. ਦਲਜੀਤ ਸਿੰਘ ਚੀਮਾ, ਸ. ਹੀਰਾ ਸਿੰਘ ਗਾਬੜੀਆ, ਸ. ਅਮਰਜੀਤ ਸਿੰਘ ਚਾਵਲਾ ਅਤੇ ਐਡ. ਅਰਸ਼ਦੀਪ ਸਿੰਘ ਕਲੇਰ ਹਾਜ਼ਰ ਰਹੇ।



# ਧਾਰਮਿਕ ਪ੍ਰੀਖਿਆ ਵਿਚੋਂ ਗੁਰੂ ਰਾਮਦਾਸ ਪਬਲਿਕ ਸਕੂਲ ਦੇ ਬੱਚੇ ਰਹੇ ਅਵੱਲ





ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿਚੋਂ ਗੁਰੂ ਰਾਮਦਾਸ ਪਬਲਿਕ ਸਕੂਲ ਦੇ ਬੱਚਿਆਂ ਨੇ ਵਧੀਆ ਨੰਬਰ ਲੈ ਕੇ ਵਜੀਫਾ ਰਾਸ਼ੀ ਪ੍ਰਾਪਤ ਕੀਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਭਗਤ ਬਾਬਾ ਮਿਲਖਾ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਇਕ ਸ਼ਲਾਘਾਯੋਗ ਕਦਮ ਹੈ, ਇਸ ਨਾਲ ਬੱਚਿਆਂ ਨੂੰ ਆਪਣੇ ਧਰਮ ਅਤੇ ਆਪਣੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਪਤਾ ਚੱਲਦਾ ਹੈ।ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਧਾਰਮਿਕ ਪ੍ਰੀਖਿਆ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਮੈਨੇਜਰ ਇੰਦਰਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਦੇ ਐਲਾਨੇ ਗਏ ਨਤੀਜਿਆਂ ਵਿਚੋਂ ਗੁਰੂ ਰਾਮਦਾਸ ਪਬਲਿਕ ਸਕੂਲ ਦੇ ਬੱਚੇ ਅਵੱਲ ਰਹੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨਤੀਜਿਆਂ ਵਿਚ ਅਨੰਦ ਕੰਬੋਜ਼, ਅਰਪਨਪ੍ਰੀਤ ਕੌਰ, ਅਰੀਸ਼ਤਾ, ਜ਼ਸਮੀਤ ਕੌਰ, ਜਪਨੀਤ ਕੌਰ, ਪਲਕਪ੍ਰੀਤ ਕੌਰ, ਨਵਜੋਤ ਕੌਰ, ਰਵਨੀਤ ਕੌਰ, ਹਰਮਾਨਦੀਪ ਕੌਰ, ਜ਼ਸ਼ਨਦੀਪ ਕੌਰ, ਸੀਮਰਜੀਤ ਕੌਰ ਨੇ ਵਧੀਆ ਅੰਕ ਹਾਸਲ ਕਰਕੇ ਵਜੀਫਾ ਰਾਸ਼ੀ ਪ੍ਰਾਪਤ ਕੀਤੀ। ਇਸ ਮੌਕੇ ਬੱਚਿਆਂ ਨੂੰ ਅਸ਼ੀਰਵਾਦ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ: ਦਰਸ਼ਨ ਸਿੰਘ ਸ਼ੇਰਖਾਂ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਰਣਜੀਤ ਸਿੰਘ, ਪ੍ਰਿੰਸੀਪਲ ਖੁਸ਼ਵੰਤ ਸਿੰਘ, ਮੈਡਮ ਊਸ਼ਾ, ਮੈਡਮ ਕੋਮਲ ਅਤੇ ਸਮੂਹ ਸਕੂਲ ਸਟਾਫ ਨੇ ਬੱਚਿਆਂ ਨੂੰ ਵਜੀਫਾ ਰਾਸ਼ੀ ਪ੍ਰਾਪਤ ਕਰਨ ਤੇ ਵਧਾਈ ਦਿੱਤੀ।

# "ਸ਼ਹੀਦ ਭਾਈ ਹਰਮਿੰਦਰ ਸਿੰਘ 'ਸੰਧੂ' ਵੱਲੋਂ ਪ੍ਰਸਤਾਵਿਤ 'ਖਾਲਸਾ ਪੰਚਾਇਤਾਂ ਦੀ ਸਿੱਖ ਕੌਮ ਅਤੇ ਮਾਨਵਤਾ ਲਈ ਅਹਿਮੀਅਤ"



'ਨਗਰ ਪੰਚਾਇਤ' ਲੋਕਤੰਤਰੀ ਰਾਜ ਪ੍ਰਬੰਧ ਦੀ ਮੁੱਢਲੀ ਇਕਾਈ ਹੈ । ਕਿਸੇ ਵੀ ਸਰਕਾਰੀ ਜਾਂ ਸਮਾਜਿਕ ਕਾਰਜ ਲਈ ਪੰਚਾਇਤ ਮੈਂਬਰ ਦੀ ਲੋੜ ਮਨੁੱਖ ਨੂੰ ਇੱਕ ਤਰਾਂ ਨਾਲ ਉਸਦਾ ਮੁਹਤਾਜ ਬਣਾਉਂਦੀ ਹੈ । ਜਿਸ ਬਗੈਰ ਇੱਕ ਮਨੁੱਖ ਦਾ ਗੁਜਾਰਾ ਨਹੀਂ । ਸਿੱਖ ਕੌਮ ਕੋਲ ' ਪੰਜ ਪਿਆਰੇ ' , ਗੁਰਦੁਆਰਾ ਸੰਸਥਾ ਜਾਂ ਪ੍ਰਬੰਧ , ਸੰਗਤ ਅਤੇ ਦਸਵੰਧ ਦਾ ਸਿਧਾਂਤਿਕ ਢਾਂਚਾ ਕਿਸੇ ਵੀ ਰਾਜ ਪ੍ਰਬੰਧ ਦੇ ਮੁਕਾਬਲੇ ਦਾ ਬੰਦੋਬਸਤ ਹੈ । ਸ਼ਹੀਦ ਭਾਈ ਹਰਮਿੰਦਰ ਸਿੰਘ ' ਸੰਧੂ' ਵੱਲੋਂ ' ਖਾਲਸਾ ਪੰਚਾਇਤਾਂ ' ਦੇ ਢਾਂਚੇ ਦੀ ਪ੍ਰਸਤਾਵਿਤ ਉਸਾਰੀ ਨੇ ਲੋਕਾਂ ਨੂੰ ਐਸੇ ਹੀ ਨਿਰਪੱਖ, ਨਿਸ਼ਕਾਮ ਅਤੇ ' ਸੇਵਾ ਰੂਪੀ' ਸਹੂਲਤ ਪ੍ਰਬੰਧ ਨਾਲ ਜੋੜਣਾ ਸੀ , ਜਿਸ ਰਾਹੀਂ ਗੁਰਮਤਿ ਬਿਬੇਕ ਅਤੇ ਪ੍ਰੰਪਰਾ ਦੇ ਅਮਲ ਦੁਆਰਾ ਚੁਣੇ ਗਏ ' ਯੋਗ ਸੇਵਾਦਾਰਾਂ ' ਨੇ ਲੋਕਾਂ ਦੇ ਸਮਾਜਿਕ ਤੋਂ ਲੈ ਕੇ ਆਰਥਿਕ ਮੱਦਦ ਤੱਕ ਦੇ ਮਸਲਿਆਂ ਦਾ ਹੱਲ ਜਾਂ ਪੂਰਤੀ ' ਨਿਸ਼ਕਾਮ ਸੇਵਕ ' ਵਜੋਂ ਕਰਨੀ ਸੀ , ਨਾ ਕਿ ਹਾਕਮ ਵਜੋਂ ।

' ਖਾਲਸਾ ਪੰਚਾਇਤਾਂ ' ਦੇ ਢਾਂਚੇ ਅਤੇ ਪ੍ਰਬੰਧ ਰਾਹੀਂ ਸਟੇਟ ਦੇ ਅੰਦਰ ਹੀ ਇੱਕ ਸਵੈਚਾਲਿਤ ਰਾਜ ਪ੍ਰਬੰਧ ਉਸਾਰਿਆ ਜਾ ਸਕਦਾ ਸੀ/ਹੈ । ਲੋਕਾਂ ਦਾ ਸਰਕਾਰੀ ਤੰਤਰ ਦੀ ਮੁਹਤਾਜੀ ਤੋਂ ਆਜਾਦ ਹੋ ਜਾਣਾ ਇੱਕ ਤਰਾਂ ਨਾਲ ਉਸ ਦੇਸ ਦੇ ਰਾਜ ਪ੍ਰਬੰਧ ਦੀ ਮੌਤ ਹੀ ਹੁੰਦੀ ਹੈ । ਇਸੇ ਕਰਕੇ ਬਿਪਰ ਭਾਰਤੀ ਸੱਤਾਵਾਨ ਵੱਲੋਂ ਦੇਸ ਵਿਦੇਸ ਦੇ ਗੁਰਦੁਆਰਾ ਪ੍ਰਬੰਧ ਉੱਤੇ ਕਾਬਜ ਸਿੱਖ ਨੁਮਾਂਇੰਦਿਆਂ ਨੂੰ ਸਾਮ, ਦਾਮ , ਦੰਡ ਅਤੇ ਭੇਦ ਦਾ ਮੰਨੂ ਸਿਮ੍ਰਤੀ ਨੁਸਖਾ ਵਰਤਦਿਆਂ ਆਵਦੇ ਅਧੀਨ ਰੱਖਣ ਦੀ ਪੂਰੀ ਵਾਹ ਲਾਈ ਜਾਂਦੀ ਹੈ ।

ਕੀ ਇਹ ਸੁਣਕੇ ਤੁਹਾਨੂੰ ਹੈਰਾਨੀ ਅਤੇ ਦੁੱਖ ਨਹੀਂ ਹੋਵੇਗਾ ਕਿ , ਸਿੱਖ ਕੌਮ ਦੇ ਬਾਦਸ਼ਾਹ ਦੀ ਨਿਆਈਂ , ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ' ਕਾਉਂਕੇ ' ਅਤੇ ਦੀਪ ਸਿੱਧੂ ਦੀ ਬਰਸੀ ਮਨਾਉਣ ਸੰਬੰਧੀ ਕਰਵਾਏ ਗਏ , ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਸਮਾਗਮ ਦਾ ਖਰਚਾ ਵਿਦੇਸ ਦੇ ਨਾਮੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਤੇ ਕਾਬਜ ਚੌਧਰੀ , ਸਮਾਗਮ ਕਰਵਾਉਣ ਵਾਲੇ ਸੰਘਰਸ਼ੀ ਸਿੱਖਾਂ ਤੋਂ ਮੰਗਣ ।

ਗੁਰਦੁਆਰਾ ਪ੍ਰਬੰਧ ਉੱਤੇ ਕਾਬਜ ਲੋਕ , ਸਿੱਖਾਂ ਦੇ ਨੁਮਾਇੰਦੇ ਹੋਣ ਦਾ ਫਖਰ ਜਾਂ ਮਾਣ ਕਰਨ ਦੀ ਬਜਾਇ ਜੇਕਰ ਭਾਰਤੀ ਤੰਤਰ ਦੇ ਸਿਆਸੀ ਚੌਧਰੀਆਂ ਜਾਂ ਅਫਸਰਸ਼ਾਹੀ ਨਾਲ ਆਵਦੀਆਂ ਯਾਰੀਆਂ ਜਾਂ ਸੰਬੰਧਾਂ ਨੂੰ ਪਹਿਲ ਦੇਣ , ਤਾਂ ਇਸਤੋਂ ਨਮੋਸ਼ੀਜਨਕ ਅਤੇ ਦੁਖਦਾਈ ਹੋਰ ਕੀ ਹੋ ਸਕਦੈ !

ਕੀ ਇਹ ਗੁਲਾਮੀ ਦੀ ਭਿਆਨਕ ਤਸਵੀਰ ਅਤੇ ਸਿੱਖਾਂ ਦੀ ਤ੍ਰਾਸਦੀ ਨਹੀਂ ?

ਸਾਡੇ ਗੁਰੂ ਸਾਹਿਬਾਨ , ਸਿੱਖੀ ਅਤੇ ਗੁਰਦੁਆਰਾ ਪ੍ਰਬੰਧ ਨਾਲ ਰਿਸ਼ਤੇ ਦੀ ਇੱਕ ਨਿਰਾਸ਼ਾਜਨਕ ਮਿਸਾਲ ਦਿੰਦਾ ਹਾਂ , ਜਿਸ ਤੋਂ ਇਸ ਅਹਿਮ ਜਿੰਮੇਵਾਰੀ ਤੋਂ ਸਾਡੀ ਅਨਜਾਣਤਾ, ਲਾਪ੍ਰਵਾਹੀ ਅਤੇ ਗੈਰਜਿੰਮੇਵਾਰੀ ਦਾ ਪਤਾ ਲੱਗੇਗਾ ।

ਤਕਰੀਬਨ ਦੋ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਵਿਦੇਸ ਦੇ ਨਾਮੀ ਗੁਰਦੁਆਰਾ ਸਾਹਿਬ ਦਾ ਪ੍ਰਧਾਨ , ਇੱਕ ਸਫਾਚੱਟ ਮੁਹਾਂਦਰੇ ਵਾਲੇ ਕਾਮਰੇਟ ਬੰਦੇ ਨੂੰ ਚੁਣੇ ਜਾਣ ਦਾ ਕਾਰਨ , ਜਦ ਮੈਂ ਸਾਡੇ ਨਗਰ ਦੇ ਇੱਕ ਸਾਬਤ ਸੂਰਤ ਸਿੱਖ ਤੋਂ ਪੁੱਛਿਆ ਤਾਂ ਉਸਦਾ ਜਵਾਬ ਸੀ ਕਿ,

" ਉਹ ਲੰਗਰ ਦਾ ਪ੍ਰਬੰਧ ਬਹੁਤ ਸੋਹਣਾ ਕਰਦੈ ।"

ਉਸ ਸਮੇਂ ਤੋਂ ਬਾਅਦ ਬੇਸ਼ੱਕ ਸਿੱਖਾਂ ਅੰਦਰ ਤਸੱਲੀ ਬਖਸ਼ ਜਾਗ੍ਰਤੀ ਆਈ । ਜਿਸ ਕਾਰਨ ਵਿਦੇਸ ਦੇ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਪੜ੍ਹੇ ਲਿਖੇ ਅਤੇ ਗੁਰਸਿੱਖੀ ਨੂੰ ਸਮਰਪਿਤ ਸਿੱਖਾਂ , ਖਾਸ ਕਰ ਨੌਜਵਾਨਾਂ ਨੂੰ ਸੌਂਪਿਆ ਗਿਆ ।

ਵਿਦੇਸਾਂ ਦੀਆਂ ਗੁਰਦੁਆਰਾ ਸਟੇਜਾਂ ਤੋਂ ਭਾਰਤੀ ਸਫਾਰਤਖਾਨੇ ਦੇ ਅਧਿਕਾਰੀਆਂ ਦੇ ਬੋਲਣ ਉੱਤੇ , ਪ੍ਰਬੰਧਕਾਂ ਵੱਲੋਂ ਲਾਈ ਪਾਬੰਦੀ ਬਾਰੇ ਭਾਰਤੀ ਤੰਤਰ ਵੱਲੋਂ ਪਾਏ ਚੀਕ ਚਿਹਾੜੇ ਤੋਂ , ਸਿੱਖਾਂ ਨੂੰ ਆਵਦੇ ਇਸ ਅਮੀਰ ਪ੍ਰਬੰਧ ਦੀ ਅਹਿਮੀਅਤ ਸਮਝ ਆ ਜਾਣੀ ਚਾਹੀਦੀ ਹੈ ।

ਭਾਈ ਹਰਦੀਪ ਸਿੰਘ ' ਨਿੱਜਰ ' ਦਾ ਕਤਲ ਭਾਰਤੀ ਤੰਤਰ ਨੇ ਸਿਰਫ ਇਸ ਲਈ ਹੀ ਨਹੀਂ ਕਰਵਾਇਆ ਕਿ , ਉਹ ਇੱਕ ਸਰਗਰਮ ਖਾਲਿਸਤਾਨੀ ਸਮਰਥਕ ਆਗੂ ਸੀ । ਬਲਕਿ ਮੇਰੀ ਸਮਝ ਅਨੁਸਾਰ ਉਸਦਾ ਇੱਕ ਅਜਿਹਾ ਗੁਰਦੁਆਰਾ ਪ੍ਰਬੰਧਕ ਹੋਣਾ ਭਾਰਤੀ ਤੰਤਰ ਨੂੰ ਵੱਧ ਰੜਕਦਾ ਸੀ , ਜਿਹੜਾ ਗੁਰਦੁਆਰਾ ਸਾਹਿਬ ਦੇ ਅਦਾਰੇ ਦੀ ਸਮਰੱਥਾ ਅਤੇ ਪ੍ਰਬੰਧ ਨੂੰ ਇੱਕ ' ਰਾਜ ਪ੍ਰਬੰਧ ' ਦੇ ਨਮੂਨੇ ਤੇ ਲੋਕ ਸੇਵਾ ਲਈ ਵਰਤ ਕੇ ਹੋਰਾਂ ਲਈ ਮਿਸਾਲ ਅਤੇ ਪ੍ਰੇਰਣਾ ਬਣ ਰਿਹਾ ਸੀ । ਤੁਸੀਂ ਗੁਰੂ ਘਰ ਜਾਉ । ਕਥਾ ਕੀਰਤਨ ਸੁਣੋ । ਲੰਗਰ ਬਣਾਉ , ਛਕੋ ਅਤੇ ਸਿੱਖ ਹੋਣ ਦਾ ਫਰਜ ਪੂਰਾ ਕਰਣ ਦਾ ਭਰਮ ਪਾਲਕੇ ਚੁੱਪ ਚਾਪ ਘਰ ਆ ਜਾਉ । ਬਿਪਰ ਸੱਤਾਵਾਨ ਨੂੰ ਇਸ ਨਾਲ ਕੋਈ ਤਕਲੀਫ ਨਹੀਂ ਹੋਵੇਗੀ । ਬਲਕਿ ਉਹ ਖੁਸ਼ ਹੋਵੇਗਾ।

ਜੇਕਰ ਤੁਸੀਂ ਗੁਰਦੁਆਰਾ ਪ੍ਰਬੰਧ ਅਤੇ ਸੰਗਤ ਦੀ ਸ਼ਕਤੀ ਨੂੰ ,

"ਵਿਚਿਦੁਨੀਆਸੇਵਕਮਾਈਐ॥"

ਦੇ ਗੁਰ ਉਪਦੇਸ ਮੁਤਾਬਿਕ ਲੋਕ ਸੇਵਾ ਅਤੇ ਸਿੱਖ ਕੌਮ ਦੇ ਆਜਾਦ ਕੌਮੀ ਘਰ ਦੀ ਉਸਾਰੀ ਲਈ , ਮਹਿਜ ਭਾਸ਼ਣਾਂ ਦੀ ਬਜਾਇ ਅਮਲੀ ਰੂਪ ਵਿੱਚ ਵਰਤਣ ਲਈ ਕਾਰਜਸ਼ੀਲ ਹੁੰਦੇ ਹੋ ਤਾਂ ,' ਬਿਪਰ ਭਾਰਤੀ ਸੱਤਾਵਾਨ ਤੁਹਾਨੂੰ ਲਾਜਮੀ ਹੀ ਆਪਣਾ ਦੁਸ਼ਮਣ ਸਮਝੇਗਾ ' ।

ਪ੍ਰੇਸ਼ਾਨੀਆਂ ਅਤੇ ਖਤਰੇ ਪੈਦਾ ਕਰਨ ਵਾਲਾ ਹੋਣ ਕਰਕੇ , ਸਿੱਖ ਅਤੇ ਖਾਸ ਕਰ ' ਗੁਰਦੁਆਰਾ ਪ੍ਰਬੰਧਕਾਂ ' ਲਈ ਇਹ ਫੈਸਲਾ ਕਰਨਾ ਜਰਾ ਕੁ ਕਠਿਨ ਤਾਂ ਹੈ ਕਿ,

ਉਸਨੇ ਲਕੀਰ ਦੇ ਕਿਸ ਪਾਸੇ ਖੜਣਾ ਹੈ ?

ਭਾਰਤੀ ਤੰਤਰ ਵੱਲ ਜਾਂ ਗੁਰੂ ਵੱਲ !

ਐਨੀ ਮੇਰੀ ਬਾਤ ।

**-ਜਸਵੰਤ ਸਿੰਘ ਰੋਡੇ**

# ਸ: ਸੁਖਜਿੰਦਰ ਸਿੰਘ ਅਸ਼ਟੂ ਸੀਨੀਅਰ ਮੈਂਬਰ ਖਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਛਾਉਣੀ ਜੀ ਦੇ ਸਤਿਕਾਰਯੋਗ ਮਾਤਾ ਕੁਲਵੰਤ ਕੌਰ ਜੀ ਦੀ ਅੰਤਿਮ ਅਰਦਾਸ ਤੇ ਪਾਠ ਦੇ ਭੋਗ ਅੱਜ 24 ਜਨਵਰੀ ਨੂੰ



ਫ਼ਿਰੋਜ਼ਪੁਰ, 23 ਜਨਵਰੀ (ਮਨੋਹਰ ਲਾਲ) :— ਸ: ਸੁਖਜਿੰਦਰ ਸਿੰਘ ਅਸ਼ਟੂ ਸੀਨੀਅਰ ਮੈਂਬਰ ਖਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਛਾਉਣੀ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਸਤਿਕਾਰਯੋਗ ਮਾਤਾ ਕੁਲਵੰਤ ਕੌਰ ਜੀ ਮਿਤੀ 18 ਜਨਵਰੀ 2025 ਦਿਨ ਸ਼ਨੀਵਾਰ ਨੂੰ ਵਾਹਿਗੁਰੂ ਜੀ ਦੇ ਸੱਦੇ ਤੇ ਅਕਾਲ ਚਲਾਣਾ ਕਰ ਗਏ। ਸਤਿਕਾਰਯੋਗ ਮਾਤਾ ਕੁਲਵੰਤ ਕੌਰ ਧਰਮਪਤਨੀ ਸਵਰਗੀ ਸ: ਜ਼ੋਧ ਸਿੰਘ ਸਨ, ਸਤਿਕਾਰਤ ਸਰਦਾਰਨੀ ਕੁਲਵੰਤ ਕੌਰ ਆਪਣੀ ਜਿੰਦਗੀ ਦੀਆਂ 80 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ—ਸਦਾ ਲਈ ਅਲਵਿਦਾ ਕਹਿ ਗਏ, ਪਿਛੇ ਸ: ਸੁਖਜਿੰਦਰ ਸਿੰਘ ਅਸ਼ਟੂ ਲੜਕਾ, ਨੂੰਹ ਹਰਪ੍ਰੀਤ ਕੌਰ ਅਤੇ ਪੋਤਰਾ ਪ੍ਰਭਪੁਨੀਤ ਸਿੰਘ, ਪੋਤਰੀ ਸਮੱਨਪ੍ਰੀਤ ਕੌਰ ਨੂੰ ਰੋਦੇ ਕੁਰਲਾਉਂਦੇ ਹੋਏ ਵਾਹਿਗੁਰੂ ਆਸਰੇ ਛੱਡ ਗਏ। ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਸਰਦਾਰਨੀ ਮਾਤਾ ਕੁਲਵੰਤ ਕੌਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਪਿਛੇ ਪਰਿਵਾਰ ਸ: ਸੁਖਜਿੰਦਰ ਸਿੰਘ ਅਸ਼ਟੂ ਲੜਕਾ, ਨੂੰਹ ਹਰਪ੍ਰੀਤ ਕੌਰ ਅਤੇ ਪੋਤਰੇ ਪ੍ਰਭਪੁਨੀਤ ਸਿੰਘ, ਪੋਤਰੀ ਸਮੱਨਪ੍ਰੀਤ ਕੌਰ, ਰਿਸ਼ਤੇਦਾਰ, ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸਰਦਾਰਨੀ ਮਾਤਾ ਕੁਲਵੰਤ ਕੌਰ ਜੀ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਖਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਛਾਉਣੀ ਵਿਖੇ ਪਵੇਗਾ।

ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ

# ਗੁਰਦੁਆਰਾ ਬਾਬਾ ਬੀਰ ਸਿੰਘ ਪਿੰਡ ਵਾੜਾ ਸ਼ੇਰ ਸਿੰਘ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ

## ਸਮਾਗਮ ਵਿੱਚ ਸੰਤ ਮਹਾਂਪੁਰਖ ਇੰਟਰਨੈਸ਼ਨਲ ਪੰਥਕ ਦਲ, ਰਾਗੀ, ਢਾਡੀ ਅਤੇ ਇਲਾਕੇ ਦੀਆਂ ਸੰਗਤਾਂ ਵਿਸ਼ੇਸ਼ ਤੌਰ ਤੇ ਪਹੁੰਚੀਆਂ














(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਤਰਨਤਾਰਨ, 23 ਜਨਵਰੀ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)**-ਜੂਨ 1984 ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਨਾਲ ਜੂਝ ਕੇ ਸ਼ਹਾਦਤ ਪਾਉਣ ਵਾਲੇ ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸ਼ਹੀਦ ਭਾਈ ਸਰਵਣ ਸਿੰਘ ਜੀ ਦੀ ਧਰਮ ਸੁਪਤਨੀ ਬੀਬੀ ਗੁਰਵਿੰਦਰ ਕੌਰ ਸਮੂਹ ਪਰਿਵਾਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਵਾੜਾ ਸ਼ੇਰ ਸਿੰਘ ਗੁਰਦੁਆਰਾ ਬਾਬਾ ਬੀਰ ਸਿੰਘ ਜੀ ਵਿਖੇ ਕਰਵਾਇਆ ਗਿਆ। ਸ਼੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਵਾ ਕੇ ਦੀਵਾਨ ਸਜਾਏ ਗਏ। ਉਪਰੰਤ ਰਾਗੀ ਭਾਈ ਕਿਰਪਾਲ ਸਿੰਘ ਜੀ ਪੋਤਰਾ ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਜਥੇ ਵੱਲੋਂ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਸੰਤ ਬਾਬਾ ਪ੍ਰਤਾਪ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਵੱਲੋਂ ਸੰਗਤਾਂ ਨੂੰ ਸ਼ਬਦ ਧਾਰਨਾ ਰਾਹੀ ਨਿਹਾਲ ਕੀਤਾ। ਇਸ ਤੋਂ ਉਪਰੰਤ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ।ਬੇਅੰਤ ਹੀ ਮਹਾਂਪੁਰਖ, ਰਾਗੀ, ਢਾਡੀ, ਸਰਪੰਚ ਅਤੇ ਨਾਮਵਰ ਸ਼ਖਸ਼ੀਅਤਾਂ ਵਿਸ਼ੇਸ਼ ਤੌਰ ਤੇ ਪਹੁੰਚੀਆ। ਸਮਾਗਮ ਵਿੱਚ ਸ਼੍ਰੀਮਾਨ ਸੰਤ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲੇ ,ਸੰਤ ਬਾਬਾ ਬਲਵਿੰਦਰ ਸਿੰਘ ਜੀ ਮਾੜੀ ਕੰਬੋਕੇ ਵਾਲੇ, ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਾਰੀ ਪੰਜਾਬ ਪ੍ਰਧਾਨ ਪੰਜਾਬ, ਸੰਤ ਬਾਬਾ ਜਸਵੰਤ ਸਿੰਘ ਜੀ ਸੋਢੀ ਆਸਲ ਉਤਾੜ ਵਾਲੇ ਅਤੇ ਹੋਰ ਬੇਅੰਤ ਮਹਾਂਪੁਰਖ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਸਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਨਾਮ ਬਾਣੀ ਨਾਲ ਜੋੜਿਆ ।ਇਸੇ ਤਰ੍ਹਾਂ ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਸਪੁੱਤਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵੱਲੋਂ ਸਮੂਹ ਆਏ ਹੋਏ ਮਹਾਂਪੁਰਖਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਜੀ ਆਇਆ ਕਿਹਾ ਅਤੇ ਸਮੂਹ ਆਏ ਹੋਏ ਮਹਾਂਪੁਰਖਾਂ ਅਤੇ ਵੱਖ ਵੱਖ ਬੁਲਾਰਿਆਂ ਨੂੰ ਸਿਰਪਾਓ ਦੇ ਕੇ ਸਨਮਾਨ ਕੀਤਾ। ਮਨਪ੍ਰੀਤ ਸਿੰਘ ਪ੍ਰੈਸ ਸਕੱਤਰ ਤਰਨਤਾਰਨ ਨੇ ਬੋਲਦਿਆਂ ਦੱਸਿਆ ਕਿ ਜੋ ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਸੰਤ ਮਹਾਂਪੁਰਖ ਇਲਾਕੇ ਦੀਆਂ ਸੰਗਤਾਂ ਰਾਗੀ ਕਵੀਸ਼ਰ, ਸਰਪੰਚ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਵੱਲੋਂ ਸ਼ਿਰਕਤ ਕੀਤੀ। ਅਤੇ ਆਏ ਹੋਏ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਦੱਸੇ ਅਤੇ ਕਿਹਾ ਕਿ ਸਾਨੂੰ ਸ਼ਹੀਦਾਂ ਸਿੰਘਾਂ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਅਤੇ ਨਾਮ ਬਾਣੀ ਨਾਲ ਜੁੜਨਾ ਚਾਹੀਦਾ ਹੈ। ਇੰਟਰਨੈਸ਼ਨਲ ਪੰਥਕ ਦਲ ਵੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਗਈ ਜਿਸ ਵਿੱਚ ਸੰਤ ਬਾਬਾ ਸਤਨਾਮ ਸਿੰਘ ਜੀ ਵੱਲੀਆਂ ਪੰਜਾਬ ਪ੍ਰਧਾਨ ਧਾਰਮਿਕ ਵਿੰਗ ,ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਾਰੀ ਪੰਜਾਬ ਪ੍ਰਧਾਨ , ਜਥੇਦਾਰ ਵਜ਼ੀਰ ਸਿੰਘ ਜੀ ਵਾਂ ਬਾਬਾ ਤਾਰਾ ਸਿੰਘ ਜਿਲਾ ਪ੍ਰਧਾਨ ਤਰਨ ਤਾਰਨ ਧਾਰਮਿਕ ਵਿੰਗ, ਭਾਈ ਗੁਰਭੇਜ ਸਿੰਘ ਜੀ ਜਿਲਾ ਪ੍ਰਧਾਨ ਤਰਨ ਤਾਰਨ, ਭਾਈ ਜੋਗਿੰਦਰ ਸਿੰਘ ਜੀ ਸ਼ਾਮ ਸਿੰਘ ਵਾਲਾ ਸੀਨੀਅਰ ਮੀਤ ਪ੍ਰਧਾਨ ਪੰਜਾਬ, ਭਾਈ ਮਨਪ੍ਰੀਤ ਸਿੰਘ ਜੀ ਸੋਹੀ ਇਕਾਈ ਪ੍ਰਧਾਨ ਦਸ਼ਮੇਸ਼ ਨਗਰ, ਭਾਈ ਗੋਮਾ ਸਿੰਘ ਜੀ ਜਰਨਲ ਸਕੱਤਰ ਪੰਜਾਬ ਕਿਸਾਨ ਵਿੰਗ, ਭਾਈ ਰਣਧੀਰ ਸਿੰਘ ਜੀ ਜ਼ਿਲ੍ਹਾ ਪ੍ਰਧਾਨ ਸੰਗਰੂਰ, ਭਾਈ ਤਜਿੰਦਰ ਸਿੰਘ ਕਿਲਾ ਹਕੀਮਾ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਭਾਈ ਰਾਜਪਾਲ ਸਿੰਘ ਬਲਾਕ ਪ੍ਰਧਾਨ, ਅਤੇ ਸਮੂਹ ਵਰਕਰ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਹੋਈਆਂ। ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ ।ਇਸ ਮੌਕੇ ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਸਪੁੱਤਰ ਬਾਬਾ ਦਇਆ ਸਿੰਘ ਜੀ ,ਬਾਬਾ ਸੱਜਣ ਸਿੰਘ ਜੀ, ਭਾਈ ਪਿਆਰਾ ਸਿੰਘ,ਬਾਬਾ ਗੁਰਸਾਹਿਬ ਸਿੰਘ ਜੀ ਮੁੱਖ ਸੇਵਾਦਾਰ ਗੁਰਮਤਿ ਸਮਾਗਮ ਵਰਨਾਲਾ, ਭਾਈ ਨਿਰਮਲ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਰਸਾਲ ਸਿੰਘ ਜੀ ਆਰਫਕੇ , ਸ੍ਰ ਸਤਿੰਦਰਪਾਲ ਸਿੰਘ ਜੀ ਮਿੰਟੂ ਮਾੜੀ ਮੇਘਾ, ਭਾਈ ਰਣਜੀਤ ਸਿੰਘ ਜੀ ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ,ਸ੍ਰੀ ਵਿਜੇ ਕੁਮਾਰ ਪ੍ਰਿੰਸੀਪਲ ਆਈ ਟੀ ਆਈ ਪੱਟੀ, ਸ੍ਰ ਰਘਬੀਰ ਸਿੰਘ ਸੁਪਰਡੈਂਟ ਆਈ ਟੀ ਆਈ ਪੱਟੀ, ਸ੍ਰੀ ਬਲਜੀਤ ਸਿੰਘ , ਸ੍ਰੀ ਹਰਜਿੰਦਰ ਸਿੰਘ ਮਾਲੀ, ਸ੍ਰ ਦਿਆਲ ਸਿੰਘ ਜੀ ਪਹੂਵਿੰਡ ਸਾਹਿਬ, ਸ੍ਰ ਚਾਨਣ ਸਿੰਘ ਸਾਬਕਾ ਸਰਪੰਚ,ਸ੍ਰ ਸੁਖਦੇਵ ਸਿੰਘ ਮੈਂਬਰ, ਸ੍ਰ ਗੁਰਸ਼ਰਨ ਸਿੰਘ, ਸ੍ਰ ਸਤਨਾਮ ਸਿੰਘ, ਸ੍ਰ ਗੁਰਸੇਵਕ ਸਿੰਘ ਸਪੁੱਤਰ ਬਾਬਾ ਅਰੂੜ ਸਿੰਘ, ਭਾਈ ਰਣਜੀਤ ਸਿੰਘ ਜੀ ਮਾੜੀ ਉਧੋਕੇ ਸਤਿਕਾਰ ਕਮੇਟੀ , ਗੁਰਭੇਜ ਸਿੰਘ ਮੱਖੂ, ਬਲਵਿੰਦਰ ਸਿੰਘ ਫੌਜੀ ਅਲਗੋਂ ਖਰਦ, ਭਾਈ ਸਤਪਾਲ ਸਿੰਘ ਅਲਗੋ ਖੁਰਦ,ਡਾ ਗੁਰਬਖਸ਼ ਸਿੰਘ ਵਰਨਾਲਾ,ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ। ••

ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ

# ਗੁਰਦੁਆਰਾ ਬਾਬਾ ਬੀਰ ਸਿੰਘ ਪਿੰਡ ਵਾੜਾ ਸ਼ੇਰ ਸਿੰਘ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ

## ਸਮਾਗਮ ਵਿੱਚ ਸੰਤ ਮਹਾਂਪੁਰਖ ਇੰਟਰਨੈਸ਼ਨਲ ਪੰਥਕ ਦਲ, ਰਾਗੀ, ਢਾਡੀ ਅਤੇ ਇਲਾਕੇ ਦੀਆਂ ਸੰਗਤਾਂ ਵਿਸ਼ੇਸ਼ ਤੌਰ ਤੇ ਪਹੁੰਚੀਆਂ




















ਆਵਾਜ਼ਿ ਕੌਮ
AWAZE QAUM
International Newspaper & WEB TV

### ਜੰਡਿਆਲਾ ਗੁਰੂ ਵਿਖੇ ਖੁੱਲੇ ਮੁਹੱਲਾ ਕਲੀਨਿਕ ਦਾ ਹਰਭਜਨ ਸਿੰਘ ਈ ਟੀ ਓ ਵੱਲੋਂ ਕੀਤਾ ਗਿਆ ਦੌਰਾ ਕੀਤਾ ਦੌਰਾ

# ਦਵਾਈਆਂ ਦੇ ਸਟਾਕ ਦਾ ਲਿਆ ਜਾਇਜਾ ਮਰੀਜਾਂ ਨਾਲ ਕੀਤੀ ਗੱਲਬਾਤ



**ਜੰਡਿਆਲਾ ਗੁਰੂ, 23 ਜਨਵਰੀ( ਕੁਲਵੰਤ ਸਿੰਘ ਵਿਰਦੀ)**-ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਸ. ਹਰਭਜਨ ਸਿੰਘ ਈ ਟੀ ਓ ਨੇ ਜੰਡਿਆਲਾ ਗੁਰੂ ਦੇ ਲੋਕਲ ਬੱਸ ਸਟੈਂਡ ਤੇ ਖੁੱਲੇ ਮੁਹੱਲਾ ਕਲੀਨਿਕ ਦਾ ਦੌਰਾ ਕੀਤਾ ਅਤੇ ਪ੍ਰਬੰਧਾਂ ਦਾ ਜਾਇਜਾ ਲੈਂਦਿਆਂ ਹਾਜਰ ਮਰੀਜ਼ਾਂ ਨਾਲ ਗੱਲਬਾਤ ਕੀਤੀ । ਸ. ਈ ਟੀ ਓ ਨੇ ਦੱਸਿਆ ਕਿ ਇਹ ਮੁਹੱਲਾ ਕਲੀਨਿਕ ਅੰਮ੍ਰਿਤਸਰ ਜ਼ਿਲ੍ਹੇ ਵਿੱਚੋਂ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਅਤੇ ਮਰੀਜ਼ਾਂ ਦ ਇਲਾਜ ਦੀ ਗਿਣਤੀ ਵਿੱਚ ਪਹਿਲੇ ਨੰਬਰ ਤੇ ਚੱਲ ਰਿਹਾ ਹੈ ਅਤੇ ਇਥੋਂ ਹਰ ਮਹੀਨੇ 3000 ਤੋਂ ਵੀ ਉੱਪਰ ਮਰੀਜ਼ ਮਰੀਜ਼ਾਂ ਦਾ ਮੁਫਤ ਚੈਕ ਅਪ ਕਰਕੇ ਲੋੜ ਅਨੁਸਾਰ ਉਹਨਾਂ ਤੇ ਮੁਫਤ ਟੈਸਟ ਅਤੇ ਮੁਫਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ ।ਉਹਨਾਂ ਕਿਹਾ ਕਿ ਮੁਹੱਲਾ ਕਲੀਨਿਕਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਕਾਰਨ ਮਰੀਜ਼ ਹੁਣ ਪ੍ਰਾਈਵੇਟ ਹਸਪਤਾਲਾਂ ਦੀ ਥਾਂ ਮੁਹੱਲਾ ਕਲੀਨਿਕਾਂ ਵਿੱਚ ਆਪਣਾ ਇਲਾਜ ਕਰਾਉਣ ਲਈ ਵੱਡੀ ਤਾਦਾਦ ਵਿੱਚ ਜਾ ਰਹੇ ਹਨ ਅਤੇ ਸਰਕਾਰੀ ਸਹੂਲਤਾਂ ਦਾ ਫਾਇਦਾ ਉਠਾ ਰਹੇ ਹਨ ।ਉਹਨਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿੱਚ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਤੋਂ ਇਲਾਵਾ ਪੰਜ ਮਹੱਲਾ ਕਲੀਨਿਕ ਵੀ ਬਹੁਤ ਵਧੀਆ ਕਾਰਗੁਜ਼ਾਰੀ ਦਿਖਾ ਰਹੇ ਹਨ ਜਿਥੋਂ ਹਰ ਮਹੀਨੇ ਹਜ਼ਾਰਾਂ ਦੀ ਤਾਦਾਦ ਵਿੱਚ ਮਰੀਜ਼ ਬਿਨਾਂ ਕਿਸੇ ਪੈਸੇ ਦੇ ਠੀਕ ਹੋ ਰਹੇ ਹਨ । ਕੈਬਨਿਟ ਮੰਤਰੀ ਸ੍ਰ ਈ ਟੀ ਓ ਨੇ ਇਸ ਮੌਕੇ ਮੁਹੱਲਾ ਕਲੀਨਿਕ ਦੇ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਉੱਥੇ ਮੌਜੂਦ ਡਾਕਟਰ ਕੋਲੋਂ ਮਰੀਜ਼ਾਂ ਸਬੰਧੀ ਅਤੇ ਉਥੋਂ ਦੇ ਹੋਰ ਪ੍ਰਬੰਧਾਂ ਸਬੰਧੀ ਅਤੇ ਮੈਡੀਕਲ ਸਟੋਰ ਵਿਚਲੀਆਂ ਮੌਜੂਦ ਦਵਾਈਆਂ ਬਾਰੇ ਵੀ ਸਟਾਫ ਕੋਲੋਂ ਜਾਣਕਾਰੀ ਪ੍ਰਾਪਤ ਕੀਤੀ ।ਉਹਨਾਂ ਨੇ ਦੱਸਿਆ ਕਿ ਮਹਿੰਗੇ ਮੁੱਲ ਦੀਆਂ ਐਂਟੀਬਾਇਓਟਿਕ ਅਤੇ ਹੋਰ ਮਹਿੰਗੀਆਂ ਦਵਾਈਆਂ ਲੋੜਵੰਦ ਮਰੀਜ਼ਾਂ ਨੂੰ ਇਸ ਮੁਹੱਲਾ ਕਲੀਨਿਕ ਵਿੱਚੋਂ ਮੁਫਤ ਦਿੱਤੀ ਜਾ ਰਹੀਆਂ ਹਨ ਅਤੇ ਉਹਨਾਂ ਕੋਲ ਦਵਾਈਆਂ ਦੀ ਕਿਸੇ ਤਰ੍ਹਾਂ ਦੀ ਕੋਈ ਘਾਟ ਨਹੀਂ ਹੈ ।ਉਹਨਾਂ ਮੁਹੱਲਾ ਕਲੀਨਿਕ ਵਿੱਚ ਆਏ ਮਰੀਜ਼ਾਂ ਦਾ ਹਾਲ ਚਾਲ ਵੀ ਪੁੱਛਿਆ ਅਤੇ ਕਈ ਬਜ਼ੁਰਗ ਬੀਬੀਆਂ ਨੇ ਹਰਭਜਨ ਸਿੰਘ ਈ ਟੀ ਓ ਨੂੰ ਇਸ ਮੌਕੇ ਅਸ਼ੀਰਵਾਦ ਅਤੇ ਅਸੀਸਾਂ ਵੀ ਦਿੱਤੀਆਂ । ਜੰਡਿਆਲਾ ਗੁਰੂ ਦੇ ਇਸ ਮੁਹੱਲਾ ਕਲੀਨਿਕ ਦਾ ਜਦੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੌਰਾ ਕਰ ਰਹੇ ਸਨ ਤਾਂ ਉੱਥੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜੰਡਿਆਲਾ ਗੁਰੂ ਦੀ ਇੱਕ ਲੜਕੀ ਨੂੰ ਗੰਭੀਰ ਹਾਲਤ ਵਿੱਚ ਇੱਥੇ ਲਿਆਂਦਾ ਗਿਆ ਤਾਂ ਇਥੋਂ ਦੇ ਡਾਕਟਰ ਤੇ ਸਟਾਫ ਵੱਲੋਂ ਉਸ ਦਾ ਤੁਰੰਤ ਹੀ ਇਲਾਜ ਸ਼ੁਰੂ ਕੀਤਾ ਗਿਆ ਅਤੇ ਉਸਦੇ ਪਰਿਵਾਰਕ ਮੈਂਬਰ ਰੋ ਰਹੇ ਸਨ ਤਾਂ ਈ ਟੀ ਓ ਵੱਲੋਂ ਉਸ ਲੜਕੀ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਬਾਰ-ਬਾਰ ਦਿੱਤੇ ਜਾ ਰਹੇ ਹੌਸਲੇ ਅਤੇ ਡਾਕਟਰ ਦੇ ਚੰਗੇ ਇਲਾਜ ਉਪਰੰਤ ਉਹ ਇਕ ਘੰਟੇ ਬਾਅਦ ਹੋਸ਼ ਵਿੱਚ ਆਈ ਅਤੇ ਜਿੰਨੀ ਦੇਰ ਤੱਕ ਉਕਤ ਲੜਕੀ ਤੰਦਰੁਸਤ ਨਹੀਂ ਹੋਈ ਉਨੀਂ ਦੇਰ ਤੱਕ ਹਰਭਜਨ ਸਿੰਘ ਈ ਟੀ ਓ ਉਸ ਲੜਕੀ ਦੇ ਕੋਲ ਹੀ ਖੜੇ ਰਹੇ ਅਤੇ ਉਸਦੇ ਠੀਕ ਹੋਣ ਉਪਰੰਤ ਹੀ ਈ ਟੀ ਓ ਆਪਣੀਆਂ ਮੀਟਿੰਗਾਂ ਲਈ ਰਵਾਨਾਂ ਹੋਏ ।ਮੌਕੇ ਤੇ ਹਾਜ਼ਰ ਮਰੀਜ਼ਾਂ ਅਤੇ ਲੋਕਾਂ ਵੱਲੋਂ ਹਰਭਜਨ ਸਿੰਘ ਈ ਟੀ ਓ ਦੇ ਇਸ ਵਿਵਹਾਰ ਦੀ ਸ਼ਲਾਘਾ ਕੀਤੀ ਗਈ।

### ਰਾਸ਼ਟਰੀ ਵੋਟਰ ਦਿਵਸ 25 ਜਨਵਰੀ ਨੂੰ

# ਸਰਕਾਰੀ ਰਣਬੀਰ ਕਾਲਜ ਵਿਖੇ ਮਨਾਇਆ ਜਾਵੇਗਾ : ਜ਼ਿਲ੍ਹਾ ਚੋਣ ਅ.ਫਸਰ ਸੰਦੀਪ ਰਿਸ਼ੀ



**ਸੰਗਰੂਰ( ਰਣਜੀਤ ਸਿੰਘ ਪੇਧਨੀ )**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅ.ਫਸਰ ਸੰਗਰੂਰ ਸੰਦੀਪ ਰਿਸ਼ੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਿਤੀ 25 ਜਨਵਰੀ, 2025 ਨੂੰ ਪੂਰੇ ਭਾਰਤ ਵਿੱਚ 15ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਹ ਕੌਮੀ ਦਿਹਾੜਾ ਸੰਗਰੂਰ ਵਿੱਚ ਜ਼ਿਲ੍ਹਾ, ਵਿਧਾਨ ਸਭਾ ਚੋਣ ਹਲਕਾ ਪੱਧਰ ਤੇ ਹਰੇਕ ਪੋਲਿੰਗ ਸਟੇਸ਼ਨ ਲੋਕੇਸ਼ਨ 'ਤੇ ਮਨਾਇਆ ਜਾਣਾ ਹੈ।ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਦਿਵਸ ਜ਼ਿਲ੍ਹਾ ਪੱਧਰ ਤੇ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਅਤੇ ਤਹਿਸੀਲ ਪੱਧਰ 'ਤੇ ਸਬੰਧਤ ਉਪ ਮੰਡਲ ਮੈਜਿਸਟਰੇਟ ਅਤੇ ਬੂਥ ਪੱਧਰ ਤੇ ਬੂਥ ਦੇ ਸਬੰਧਤ ਬੂਥ ਲੈਵਲ ਅਫਸਰਾਂ ਵੱਲੋਂ ਮਨਾਇਆ ਜਾਣਾ ਹੈ।

ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਯੁਵਾ ਵੋਟਰਾਂ ਨੂੰ ਉਨ੍ਹਾਂ ਦੇ ਵੋਟਾਂ ਦੇ ਹੱਕ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਦੇ ਪੇਟਿੰਗ ਅਤੇ ਪੋਸਟਰ ਮੇਕਿੰਗ ਪ੍ਰਤੀਯੋਗਤਾਵਾਂ ਕਰਵਾਏ ਗਏ ਹਨ ਅਤੇ ਅਵੱਲ ਆਏ ਵਿਦਿਆਰਥੀਆਂ ਨੂੰ ਵਾਜਬ ਇਨਾਮ ਦਿੱਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਇਸੇ ਦੌਰਾਨ ਹੀ ਯੋਗਤਾ ਮਿਤੀ 01.01.2025 ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੌਰਾਨ ਪਹਿਲੀ ਵਾਰ ਵੋਟਰ ਵਜੋਂ ਦਰਜ ਹੋਏ ਨੌਜਵਾਨ ਵੋਟਰਾਂ ਨੂੰ ਜ਼ਿਲ੍ਹਾ ਚੋਣ ਅਫਸਰ ਵੱਲੋਂ ਵੋਟਰ ਸਨਾਖ਼ਤੀ ਕਾਰਡ ਜਾਰੀ ਕੀਤੇ ਜਾਣੇ ਹਨ ਅਤੇ ਵੋਟਾਂ ਬਣਵਾਉਣ ਅਤੇ ਇਨ੍ਹਾਂ ਵੋਟਾਂ ਨੂੰ ਆਪਣੀ ਸਮਝ ਅਨੁਸਾਰ ਸਹੀ ਇਸਤੇਮਾਲ ਕਰਨ ਲਈ ਪ੍ਰਣ ਵੀ ਲਿਆ ਜਾਣਾ ਹੈ।

ਡੀ.ਸੀ. ਸੰਦੀਪ ਰਿਸ਼ੀ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਜਿਨ੍ਹਾਂ ਵਿਅਕਤੀਆਂ ਦੀ ਉਮਰ 01.01.2025 ਨੂੰ 18 ਸਾਲ ਦੀ ਹੋ ਗਈ ਹੈ ਅਤੇ ਉਨ੍ਹਾਂ ਦੀ ਅਜੇ ਤੱਕ ਵੋਟ ਨਹੀਂ ਬਣੀ ਹੈ ਤਾਂ ਆਪਣੀ ਵੋਟ ਬਣਵਾਉਣ ਸਬੰਧੀ ਫਾਰਮ ਨੰ. 06 ਭਰ ਕੇ ਆਪਣੇ ਏਰੀਏ ਦੇ ਬੂਥ ਲੈਵਲ ਅਫਸਰ ਜਾਂ ਚੋਣ ਹਲਕੇ ਦੇ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫਸਰ ਦੇ ਦਫਤਰ ਵਿਖੇ ਜਮ੍ਹਾ ਕਰਵਾ ਦੇਣ ਜਾਂ ਭਾਰਤ ਚੋਣ ਕਮਿਸ਼ਨ ਦੀ ਵੈਬਸਾਈਟ ਲਿੰਕ www.voters.eci.gov.in ਜਾਂ ਵੋਟਰ ਹੈਲਪਲਾਈਨ ਮੋਬਾਈਲ ਐਪ ਉਤੇ ਲਾਗ ਇੰਨ ਕਰਕੇ ਆਨ ਲਾਈਨ ਫਾਰਮ ਨੰ. 06 ਭਰ ਕੇ ਦੇਣ। ਉਨ੍ਹਾਂ ਕਿਹਾ ਕਿ ਵੋਟਰ ਸੂਚੀਆਂ ਦੀ ਚੱਲ ਰਹੀ ਲਗਾਤਾਰ ਸੁਧਾਈ ਦੌਰਾਨ ਇਨ੍ਹਾਂ ਦੀਆਂ ਵੋਟਾਂ ਬਣਾਈਆਂ ਜਾਣਗੀਆਂ ਅਤੇ ਵੋਟਰ ਚੋਣਾਂ ਦੌਰਾਨ ਆਪਣੀਆਂ ਵੋਟਾਂ ਦਾ ਆਪਣੀ ਸਮਝ ਅਨੁਸਾਰ ਸਹੀ ਅਤੇ ਸੁਚੱਜੇ ਢੰਗ ਨਾਲ ਇਸਤੇਮਾਲ ਕਰਕੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਹਿੱਸਾ ਬਣਕੇ ਇਸ ਵਿੱਚ ਆਪਣੀ ਭਾਗੀਦਾਰੀ ਨਿਭਾਉਣ ਅਤੇ ਇਸ ਨੂੰ ਹੋਰ ਮਜਬੂਤ ਕਰਨ ਵਿੱਚ ਸਹਿਯੋਗ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਨੈਕਸਸ ਅਮ੍ਰਿਤਸਰ ਵਿਚ 24 ਜਨਵਰੀ ਤੋਂ ਰਿਪਬਲਿਕ ਡੇ ਸੇਲ



**ਚੌਕ ਮਹਿਤਾ, 23 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰੂ ਨਗਰੀ ਅਮ੍ਰਿਤਸਰ ਦੇ ਸਭ ਤੋਂ ਪਸੰਦੀਦਾ ਸ਼ਾਪਿੰਗ ਡੇਸਟੀਨੇਸ਼ਨ - ਨੈਕਸਸ ਅਮ੍ਰਿਤਸਰ ਨੇ 24 ਜਨਵਰੀ ਤੋਂ 26 ਜਨਵਰੀ ਤਕ ਅਪਣੇ ਰਿਪਬਲਿਕ ਡੇ ਸੇਲ ਦੀ ਘੌਸ਼ਣਾ ਕੀਤੀ ਹੈ।ਸ਼ਾਪਰਸ ਅਪਣੇ ਪਸੰਦੀਦਾ ਬ੍ਰਾਂਡ ਤੇ ਪੰਜਾਹ ਫੀਸਦੀ ਦੀ ਛੁਟ ਤੇ ਸੱਠ ਫੀਸਦੀ ਤਕ ਦੀ ਛੁਟ ਦੇ ਨਾਲ ਬੇਹਤਰੀਨ ਛੁਟ ਦਾ ਲਾਭ ਚੁਕ ਸਕਦੇ ਹਨ ਜੋ ਕਿ ਸ਼ਹਿਰ ਵਿਚ ਹਰ ਕਿਸੇ ਦੇ ਲਈ ਸ਼ਾਪਿੰਗ ਦਾ ਬੇਹਤਰੀਨ ਮੌਕਾ ਬਣ ਜਾਂਦਾ ਹੈ।ਮਾਰਕ ਐਂਡ ਸਪੇਂਸਰ, ਐਡਿਡਾਸ, ਸ਼ਾਪਰਸ ਸਟਾਪ, ਜੈਕ ਐਂਡ ਜੋਂਸ, ਲਿਵਾਇਸ ਅਤੇ ਹੋਰ ਮੰਨੇ ਪ੍ਰਮੰਨੇ ਇੰਟਰਨੈਸ਼ਨਲ ਅਤੇ ਇੰਡਿਅਨ ਬ੍ਰਾਂਡ ਦੇ ਨਾਲ ਇਹ ਸੇਲ ਫੈਸ਼ਨ, ਬਿਯੂਟੀ, ਫੁਟਵਿਅਰ ਅਤੇ ਐਫਐਂਡਬੀ ਵਿਚ ਪੰਜਾਹ ਤੋਂ ਵੱਧ ਬ੍ਰਾਂਡਾਂ ਤੇ ਦਿਲਖਿੱਚ ਡੀਲ ਪ੍ਰਦਾਨ ਕਰਵਾਉਂਦੀ ਹੈ। ਰਿਪਬਲਿਕ ਡੇ ਸੇਲ ਨੈਕਸਸ ਸਿਲੇਕਟ ਮਾਲਸ ਦੇ ਗਾਹਕਾਂ ਨੂੰ ਬੇਹਤਰੀਨ ਕੀਮਤ ਅਤੇ ਯਾਦਗਾਰ ਸ਼ਾਪਿੰਗ ਅਨੁਭਵ ਪ੍ਰਦਾਨ ਕਰਵਾਉਣ ਵਿਚ ਪਰਿਆਸਰਤ ਹੈ।

# ਸ਼ਹੀਦ ਬਾਬਾ ਮੇਘ ਸਿੰਘ ਜੀ ਵੇਦੀਆਂ ਵਾਲਿਆਂ ਦਾ ਸਲਾਨਾ ਜੋੜ ਮੇਲਾ ਮਨਾਇਆ ਗਿਆ



**ਚੌਕ ਮਹਿਤਾ, 23 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਰਤ ਪਾਕ ਸਰਹੱਦ ਦੇ ਕੰਡੇ ਵਸਦੇ ਪਿੰਡ ਕਾਲੀਆ ਸਕੱਤਰਾ ਦੇ ਮਹਾਨ ਜਰਨੈਲ ਅਮਰ ਸ਼ਹੀਦ ਬਾਬਾ ਮੇਘ ਸਿੰਘ ਜੀ ਵੇਦੀਆਂ ਵਾਲਿਆਂ ਦੀ ਯਾਦ ਚ ਪਿੰਡ ਕਾਲੀਆ ਸਕੱਤਰਾਂ ਅਤੇ ਵੇਦੀਆਂ ਦੀ ਸੰਗਤ ਦੇ ਸਹਿਯੋਗ ਨਾਲ ਸਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਸ਼ਾਰਦਾ ਭਾਵਨਾ ਨਾਲ ਮਨਾਇਆ ਗਿਆ।ਜਿਥੇ ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੁੰਦਰ ਦੀਵਾਨ ਸਜਾਏ ਗਏ। ਜਿਥੇ ਕੌਮ ਦੀਆਂ ਮਹਾਨ ਸ਼ਖਸ਼ੀਅਤ ਜਿਨ੍ਹਾਂ 'ਚ ਢਾਡੀ ਗਿਆਨੀ ਸੰਤ ਸਿੰਘ ਪਾਰਸ, ਭਾਈ ਸੁਖਬੀਰ ਸਿੰਘ ਰਮਦਾਸ, ਭਾਈ ਜਗਦੀਸ਼ ਸਿੰਘ ਵਡਾਲਾ, ਕਥਾਵਾਚਕ ਭਾਈ ਦਵਿੰਦਰ ਸਿੰਘ ਗੋਇੰਦਵਾਲ ਵਾਲਿਆਂ ਨੇ ਆਈਆਂ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ।ਸਟੇਜ ਸੈਕਟਰੀ ਦੀ ਸੇਵਾ ਭਾਈ ਨੱਛਤਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਸੁਖਵਿੰਦਰ ਸਿੰਘ ਨੇ ਨਿਬਾਹੀ ,ਇਸ ਮੌਕੇ ਪ੍ਰਬੰਧਕਾਂ ਵਲੋਂ ਪਹਿਰੇਦਾਰ ਜੁਝਾਰ ਟਾਈਮ ਅਖ਼ਬਾਰ ਦੇ ਪੱਤਰਕਾਰ ਅਖ਼ਬਾਰ ਭਾਈ ਅਵਤਾਰ ਸਿੰਘ ਖਾਲਸਾ, ਮੈਡੀਕਲ ਕੈਂਪ ਅਤੇ ਜੋੜੇ ਘਰ ਦੇ ਪ੍ਰਬੰਧਕਾਂ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ। ਸ਼ਾਮ ਨੂੰ ਦੀਵਾਨ ਦੀ ਸਮਾਪਤੀ ਉਪਰੰਤ ਕਬੱਡੀ ਟੀਮ ਕਾਲੀਆ ਸਕੱਤਰਾ ਅਤੇ ਤਾਬਾ ਸੁੱਰ ਸਿੰਘ, ਦੂਸਰੇ ਦਿਨ ਘਰਿਆਲਾ ਕਲੱਬ ਅਤੇ ਗੋਪੀ ਫਰੰਦੀਪੁਰੀਆ ਦੀ ਟੀਮਾਂ ਵਿੱਚਕਾਰ ਫਸਵੇਂ ਮੈਚ ਕਰਵਾਏ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਜਿੱਥੇ ਵੱਡੀ ਗਿਣਤੀ ਚ ਸੰਗਤਾਂ ਹਾਜਰ ਸਨ।

# ਆਰ.ਐਮ.ਪੀ. ਆਈ ਵੱਲੋਂ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦਾ ਸਾੜਿਆ ਪੁਤਲਾ



**ਫਤਿਆਬਾਦ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਹਿਬਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਵੱਲੋਂ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੀਆਂ ਜਆਤੀਆ ਅਤੇ ਪੁਲਿਸ ਪ੍ਰਸ਼ਾਸ਼ਨ ਦੀ ਲੋਕਾਂ ਨੂੰ ਇਨਸ਼ਾਫ ਦੇਣ ਦੀ ਥਾਂ ਕੇਸਾਂ ਨੂੰ ਉਲਝਾਉਣ ਵਿਰੁੱਧ ਹਲਕਾ ਵਿਧਾਇਕ ਦਾ ਪੁਤਲਾ ਪਿੰਡ ਮੁੰਡਾ ਪਿੰਡ ਵਿੱਖੇ ਫੂਕਿਆ ਗਿਆ। ਇਸ ਦੀ ਅਗਵਾਈ ਦਾਰਾ ਸਿੰਘ ਮੁੰਡਾ ਪਿੰਡ ਆਗੂ ਜਮਹੂਰੀ ਕਿਸਾਨ ਸਭਾ, ਕੈਪਟਨ ਸਿੰਘ ਕਾਹਲਵਾਂ, ਸਰਬਜੀਤ ਸਿੰਘ ਜੋਹਲ ਢਾਏ ਵਾਲਾ ਆਦਿ ਆਗੂਆਂ ਨੇ ਕੀਤੀ। ਇਸ ਮੌਕੇ ਪਾਰਟੀ ਆਗੂਆਂ ਨੇ ਬੋਲਦਿਆਂ ਕਿਹਾ ਕੇ ਹਲਕੇ ਅੰਦਰ ਹਾਕਮ ਧਿਰ ਦੀ ਸਹਿ ਤੇ ਨਸ਼ਿਆਂ ਨਾਲ ਜਵਾਨੀ ਤਬਾਹ ਹੋ ਰਹੀ ਹੈ। ਉਹਨਾਂ ਕਿਹਾ ਕੇ ਪੀੜਤ ਲੋਕ ਮਹੀਨਿਆਂ ਤੋਂ ਥਾਣੇ, ਡਿਪਟੀ ਦਫਤਰ ਅਤੇ ਐਸ ਐਸ ਪੀ ਦਫਤਰਾਂ ਦੇ ਚੱਕਰ ਲਾਉਣ ਲਈ ਮਜਬੂਰ ਹਨ। ਉਹਨਾਂ ਕਿਹਾ ਕੇ ਪੁਲਿਸ ਦੇ ਭੈੜੇ ਰੱਵਈਏ ਖਿਲਾਫ 29 ਜਨਵਰੀ ਨੂੰ ਡੀ ਐਸ ਪੀ ਦਫਤਰ ਗੋਇੰਦਵਾਲ ਸਾਹਿਬ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ ਇਸ ਮੌਕੇ ਚੈਂਚਲ ਸਿੰਘ ਸਰਬਜੀਤ ਸਿੰਘ ਹਰਦੀਪ ਸਿੰਘ ਕੁਲਦੀਪ ਸਿੰਘ ਪੁੰਨਾ ਸਿੰਘ ਅਮਰਜੀਤ ਸਿੰਘ ਲਖਬੀਰ ਸਿੰਘ ਸੁਖਚੈਨ ਸਿੰਘ ਸਕੱਤਰ ਸਿੰਘ ਦਰਸ਼ਨ ਸਿੰਘ ਸਰਜੀਤ ਸਿੰਘ ਗੁਰਜੀਤ ਸਿੰਘ ਅਮਰੀਕ ਸਿੰਘ ਸੁੱਖਾ ਸਿੰਘ ਬਰਕਤ ਸਿੰਘ ਹਰਦੇਵ ਸਿੰਘ ਸੁਬੇਗ ਸਿੰਘ ਸੁਖਵਿੰਦਰ ਕੌਰ ਚਰਨ ਕੌਰ ਹਾਜ਼ਰ ਸਨ।

## ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ ਸਾਲਜਬਰਗ ਵਿਖੇ

# ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ










(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਸਾਹਿਬੇ ਕਮਾਲ ਸਰਬੰਸ ਦਾਨੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ ਸਾਲਜ ਬਰਗ ਵਿਖੇ ਮਿਤੀ 19-1-2025 ਨੂੰ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਸ੍ਰੀ ਅਖੰਡ ਪਾਠ

### ਇੰਟਰਨੈਸ਼ਨਲ ਪੰਥਕ ਦਲ ਵੱਲੋਂ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਪ੍ਰਧਾਨ ਅਸਟਰੀਆ ਯੂਰਪ ਅਤੇ ਭਾਈ ਵਰਿੰਦਰ ਸਿੰਘ ਜੀ ਮੁੱਖ ਬੁਲਾਰੇ ਆਸਟਰੀਆ ਵੱਲੋਂ ਹਾਜ਼ਰੀ ਭਰੀ ਗਈ



ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਕੀਰਤਨੀ ਜਥਾ ਭਾਈ ਰਜਿੰਦਰ ਸਿੰਘ ਜੀ ਗ੍ਰੰਥੀ ਦੇ ਜਥੇ ਵੱਲੋਂ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਵੀਸ਼ਰੀ ਜਥਾ ਭਾਈ ਸਤਨਾਮ ਸਿੰਘ ਜੀ ਸਰਹਾਲੀ ਇਟਲੀ ਸਾਥੀ ਭਾਈ ਰਣਜੀਤ ਸਿੰਘ ਭਾਈ ਦਵਿੰਦਰ ਸਿੰਘ ਦੇ ਜਥੇ ਨੇ ਸਰਬੰਸਦਾਨੀ ਕਲਗੀਧਰ ਦਸ਼ਮੇਸ਼ ਪਿਤਾ ਦਾ ਇਤਿਹਾਸ ਅਤੇ 40 ਮੁਕਤਿਆਂ ਦਾ ਇਤਿਹਾਸ ਸੁਣਾ ਕੇ ਸੰਗਤਾਂ ਵਿੱਚ ਜੋਸ਼ ਭਰਿਆ। ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬ ਵੱਲੋਂ ਬਖਸ਼ੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਬਾਣੀ ਅਤੇ ਬਾਣੇ ਨਾਲ ਜੁੜਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਦਸਮੇਸ਼ ਪਿਤਾ ਵੱਲੋਂ ਦਰਸਾਏ ਮਾਰਗ ਤੇ ਚੱਲ ਕੇ ਸੰਗਤਾਂ ਗੁਰੂ ਦੇ ਲੜ ਲੱਗਣਾ ਅਤੇ ਗੁਰੂ ਸਾਹਿਬ ਜੀ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ। ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪ੍ਰਕਾਸ਼ ਪੁਰਬ ਤੇ ਹਾਜ਼ਰੀਆਂ ਭਰੀਆਂ। ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਪਾਕਿਸਤਾਨ ਦੇ ਸਮੂਹ ਗੁਰਧਾਮਾਂ ਦੇ ਦਰਸ਼ਨ ਕਰਕੇ ਆਈ ਸਮੂਹ ਸੰਗਤ ਅਤੇ ਸਾਲਜਬਰਗ ਦੀਆਂ ਸੰਗਤਾਂ ਵੱਲੋਂ ਤਨ ਮਨ ਧਨ ਨਾਲ ਸੇਵਾਵਾਂ ਕੀਤੀਆਂ ਗਈਆਂ।

ਇਸ ਮੌਕੇ ਗਰਾਸ ਤੋਂ ਭਾਈ ਵਰਿੰਦਰ ਸਿੰਘ ਜੀ ਜੌਹਲ ਮੁੱਖ ਬੁਲਾਰੇ ਅਸਟਰੀਆ ipd, ਭਾਈ ਹਰਪ੍ਰੀਤ ਸਿੰਘ ਜੀ ਇਨਸਬਰੁੱਕ ਜਰਨਲ ਸਕੱਤਰ ipd, ਭਾਈ ਗੁਰਪ੍ਰੀਤ ਸਿੰਘ ਜੀ ਇਨਸਬਰੁੱਕ, ਭਾਈ ਸਾਗਰਪਾਲ ਸਿੰਘ ਜੀ ਪ੍ਰਧਾਨ ਗੁਰਦੁਆਰਾ ਸਾਲਜਬਰਗ ਅਤੇ ਪ੍ਰਬੰਧਕ ਕਮੇਟੀ ਮੈਂਬਰ ਤੋਂ ਇਲਾਵਾ ਸਮੂਹ ਸੰਗਤਾਂ ਨੇ ਹਾਜ਼ਰੀ ਭਰੀ।

## ਸਿਹਤ ਵਿਭਾਗ ਵੱਲੋਂ ਸਿਹਤ ਪੱਖੀ ਸਕੀਮਾਂ ਦਾ ਗਰਭਵਤੀ ਮਹਿਲਾਵਾਂ ਲਾਹਾ ਲੈਣ- ਡਾ. ਦਰਸ਼ਨ ਕੌਰ

# ਸਿਹਤ ਪੱਖੋਂ ਤੰਦਰੁਸਤ ਮਾਂ ਹੀ ਦੇ ਸਕਦੀ ਹੈ ਸਿਹਤਮੰਦ ਬੱਚੇ ਨੂੰ ਜਨਮ- ਡਾ. ਜੈਦੀਪ ਸਿੰਘ





**ਤਲਵੰਡੀ ਸਾਬੋ, 23 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਮਾਂ ਦੀ ਸਿਹਤ ਜੇਕਰ ਤੰਦਰੁਸਤ ਹੋਵੇਗੀ ਤਾਂ ਹੀ ਉਸ ਦਾ ਬੱਚਾ ਸਿਹਤ ਪੱਖੋਂ ਨਿਰੋਗ ਅਤੇ ਸਿਹਤਮੰਦ ਹੋਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਦਰਸ਼ਨ ਕੌਰ, ਸੀਨੀਅਰ ਮੈਡੀਕਲ ਅਫਸਰ, ਤਲਵੰਡੀ ਸਾਬੋ ਨੇ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਅੱਜ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਗਰਭਵਤੀ ਮਹਿਲਾਵਾਂ ਨੂੰ ਸੁਰੱਖਿਅਤ ਜਣੇਪੇ ਤੇ ਤੰਦਰੁਸਤ ਰਹਿਣ ਦੇ ਨੁਕਤੇ ਸਾਂਝੇ ਕਰਦਿਆਂ ਕੀਤਾ। ਇਸ ਮੌਕੇ ਡਾ. ਜੈਦੀਪ ਸਿੰਘ ਬਰਾੜ, ਸ਼ਿੰਦਰਪਾਲ ਕੌਰ ਸਿਹਤ ਸੁਪਰਵਾਇਜ਼ਰ ਅਤੇ ਆਮ ਜਨਤਾ ਮੌਜੂਦ ਸੀ। ਡਾ. ਜੈਦੀਪ ਸਿੰਘ ਨੇ ਕਿਹਾ ਕਿ ਗਰਭਵਤੀ ਔਰਤ ਨੂੰ ਬੱਚੇ ਦੀ ਤੰਦਰੁਸਤੀ ਲਈ ਜਿਥੇ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਉਥੇ ਬੱਚੇ ਦੇ ਜਨਮ ਤੋਂ ਛੇ ਮਹੀਨੇ ਤੱਕ ਅਪਣੇ ਦੁੱਧ ਨਾਲ ਪਾਲਣ ਕਰਨਾ ਚਾਹੀਦਾ ਹੈ, ਜੋ ਬੱਚੇ ਲਈ ਅੰਮ੍ਰਿਤ ਵਾਂਗ ਸਾਬਤ ਹੁੰਦਾ ਹੈ। ਉਹਨਾਂ ਕਿਹਾ ਕਿ ਮਾਂ ਨੂੰ ਗਰਭਅਵਸਥਾ ਦੌਰਾਨ ਪੌਸ਼ਿਟਕ ਅਹਾਰ ਜਿਵੇਂ ਕਿ ਮੌਸਮੀ ਫਲ, ਹਰੀਆਂ ਸਬਜ਼ੀਆਂ, ਛਿਲਕੇ ਵਾਲੀਆਂ ਦਾਲਾਂ ਅਤੇ ਜੇਕਰ ਸ਼ੂਗਰ ਦੀ ਸ਼ਿਕਾਇਤ ਨਾ ਹੋਵੇ ਤਾਂ ਗੁੜ ਦਾ ਸੇਵਨ ਕਰਨਾ ਚਾਹੀਦਾ। ਇਸ ਮੌਕੇ ਇਸ ਮੌਕੇ ਡਾ. ਦਰਸ਼ਨ ਕੌਰ ਨੇ ਕਿਹਾ ਕਿ ਗਰਭਵਤੀ ਮਹਿਲਾਵਾਂ ਲਈ ਸਿਹਤ ਵਿਭਾਗ ਵਲੋਂ ਜੇ.ਐਸ.ਐਸ.ਕੇ, ਜੇ.ਐਸ.ਵਾਈ, ਸੁਮਨ ਸਮੇਤ ਕਈ ਸਿਹਤ ਪੱਖੀ ਸਕੀਮਾਂ ਚਲਾਈਆਂ ਗਈਆਂ ਹਨ ਜਿਸ ਤਹਿਤ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਇਲਾਜ ਤੇ ਜਣੇਪੇ ਦੀ ਸਹੂਲਤ ਪਰਦਾਨ ਕੀਤੀ ਗਈ ਹੈ ਅਤੇ ਸਿਵਲ ਹਸਪਤਾਲਾਂ ਵਿਚ ਗਰਭਵਤੀ ਔਰਤ ਨੂੰ ਜਿੱਥੇ ਸੂਬਾ ਸਰਕਾਰ ਵੱਲੋਂ 108 ਨੰਬਰ ਐਬੂਲੈਂਸ ਰਾਹੀਂ ਲਿਆਉਣ ਤੇ ਲਿਜਾਣ ਦੀ ਸੁਵਿਧਾ ਹੈ, ਉਥੇ ਡਲਿਵਰੀ ਕੇਸ ਵੀ ਮੁਫਤ ਵਿਚ ਕਰਨ ਦੇ ਨਾਲ-ਨਾਲ ਰਹਿਣ-ਸਹਿਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਉਨਹਾਂ ਕਿਹਾ ਕਿ ਸਿਵਲ ਹਸਪਤਾਲਾਂ ਵਿਚ ਡਲਿਵਰੀ ਕਰਵਾਉਣ ਵਾਲੀ ਔਰਤ ਦਾ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾ ਕੇ ਮੁਫਤ ਦਵਾਈਆਂ ਤੇ ਖਾਣਾ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਪਰਿਵਾਰ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਪੇਸ਼ ਨਾ ਹੋਵੇ।

ਇਸ ਮੌਕੇ ਬੋਲਦਿਆਂ ਬਲਾਕ ਐਜੂਕੇਟਰ ਗੁਰਸਿਮਰਤ ਕੌਰ ਅਤੇ ਸ਼ਿੰਦਰਪਾਲ ਕੌਰ ਨੇ ਕਿਹਾ ਕਿ ਸਿਵਲ ਹਸਪਤਾਲਾਂ ਵਿੱਚ ਗਰਭਵਤੀ ਔਰਤਾਂ ਦੇ ਨਾਲ-ਨਾਲ ਹਰੇਕ ਮਨੁੱਖ ਨੂੰ ਬਚਾਉਣ ਲਈ ਪੂਰੇ ਪ੍ਰਬੰਧ ਹਨ। ਉਨ੍ਹਾਂ ਕਿਹਾ ਕਿ ਜਿਥੇ ਸਰਕਾਰੀ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਵੱਲੋਂ ਆਧੁਨਿਕ ਮਸ਼ੀਨਾਂ ਨਾਲ ਮਰੀਜ਼ਾਂ ਦਾ ਚੈਕ-ਅਪ ਕੀਤਾ ਜਾਂਦਾ ਹੈ, ਉਥੇ ਬਹੁਤੀਆਂ ਬਿਮਾਰੀਆਂ ਦੀ ਦਵਾਈ ਹਸਪਤਾਲ ਵਿਚੋਂ ਮੁਫਤ ਦੇ ਕੇ ਮਰੀਜ਼ ਨੂੰ ਵਧੀਆ ਸਿਹਤ ਸਹੂਲਤਾਂ ਦਾ ਹਰ ਉਪਰਾਲਾ ਕੀਤਾ ਜਾਂਦਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਜਨਮ ਤੋਂ ਲੈ ਕੇ ਛੇ ਮਹੀਨੇ ਤੱਕ ਮਾਂ ਦਾ ਦੁੱਧ ਹੀ ਬੱਚੇ ਲਈ ਮੁਕੰਮਲ ਖੁਰਾਕ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਸਿਹਤਮੰਦ ਸਮਾਜ ਦੀ ਸਿਰਜਨਾ ਵਿਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਉਹਨਾਂ ਕਿਹਾ ਕਿ ਜਿਥੇ ਇਕ ਤੋਂ ਦੂਸਰੇ ਬੱਚੇ ਦੀ ਪਲਾਨਿੰਗ ਵਿਚ 3 ਸਾਲ ਦਾ ਫਰਕ ਹੋਣਾ ਚਾਹੀਦਾ ਹੈ, ਉਥੇ ਔਰਤ ਨੂੰ 20 ਤੋਂ 35 ਸਾਲ ਤੱਕ ਦੀ ਉਮਰ ਵਿੱਚ ਹੀ ਗਰਭ ਧਾਰਨ ਕਰਨਾ ਚਾਹੀਦਾ ਹੈ, ਜੋ ਬੱਚੇ ਤੇ ਮਾਂ ਲਈ ਸਹੀ ਸਿੱਧ ਹੁੰਦਾ ਹੈ। ਇਸ ਮੌਕੇ ਭੁਪਿੰਦਰਪਾਲ ਕੌਰ ਅਤੇ ਬਲਵਿੰਦਰ ਕੌਰ ਸਿਹਤ ਕਰਮੀ ਵੀ ਹਾਜ਼ਰ ਸਨ।

## ਪਿੰਡ ਸਕੱਤਰਾ ਵਿਖੇ ਸ਼੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪੁਰਬ ਅੱਜ -ਕੋਚ ਪ੍ਰਤਾਪ ਸਿੰਘ



**ਚੌਕ ਮਹਿਤਾ, 23 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਰਤ ਪਾਕਿ ਸਰਹੱਦ ਦੇ ਕੰਢੇ ਤੇ ਵੱਸਦੇ ਸ਼ਹਿਰ (ਖੇਮਕਰਨ) ਦੇ ਨਜ਼ਦੀਕ ਪਿੰਡ ਕਾਲੀਆ ਸਕੱਤਰਾ ਵਿਖੇ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ ਅਤੇ ਮਾਤਾ ਮਨਸਾ ਦੇਵੀ ਜੀ ਦਾ ਵਿਆਹ ਪੁਰਬ ਹਰ ਸਾਲ ਦੀ ਤਰ੍ਹਾਂ ਮਿਤੀ 23,24 ਜਨਵਰੀ ਨੂੰ ਨਗਰ ਪਿੰਡ ਕਾਲੀਆ, ਸਕੱਤਰਾ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਸਾਬਕਾ ਫੌਜੀ 'ਕੋਚ' ਪ੍ਰਤਾਪ ਸਿੰਘ ਨੇ ਦੱਸਿਆ ਕਿ ਮਿਤੀ 24 ਜਨਵਰੀ ਨੂੰ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਅਸਥਾਨ ਪਿੰਡ ਬਾਸਰਕੇ ਗਿੱਲਾਂ ਤੋਂ ਬਰਾਤ ਦੇ ਰੂਪ ਵਿੱਚ ਵਿਸ਼ਾਲ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ 4 ਵਜੇ ਗੁਰੂ ਜੀ ਦੇ ਮਹਿਲ ਮਾਤਾ ਮਨਸਾ ਦੇਵੀ ਜੀ ਦੇ ਨਗਰ ਪਿੰਡ ਕਾਲੀਆ/ਸਕੱਤਰਾ ਵਿਖੇ ਪਹੁੰਚੇਗਾ। ਜਿੱਥੇ ਨਗਰ ਕੀਰਤਨ ਚ ਬਰਾਤ ਰੂਪੀ ਪਹੁੰਚੀਆਂ ਸੰਗਤਾਂ ਦਾ ਨਗਰ ਨਿਵਾਸੀ ਸੰਗਤਾਂ ਵੱਲੋਂ ਵੱਡੇ ਪੱਧਰ ਤੇ ਸਵਾਗਤ ਕੀਤਾ ਜਾਂਦਾ ਹੈ। ਇਸ ਅਸਥਾਨ ਦੀ ਕਾਰ ਸੇਵਾ ਵੀ ਗੁਰੂ ਕੀ ਬਾਗ ਵਾਲੇ ਮਹਾਂਪੁਰਸ਼ ਬਾਬਾ ਸਤਨਾਮ ਸਿੰਘ ਜੀ ਵੱਲੋਂ ਕਰਵਾਈ ਜਾ ਰਹੀ ਹੈ। ਵਿਆਹ ਪੁਰਬ ਦੌਰਾਨ ਬਾਬਾ ਸਤਨਾਮ ਸਿੰਘ ਜੀ ਗੁਰੂ ਕੇ ਬਾਗ ਵਾਲੇ ਪੂਰਨ ਸਹਿਯੋਗ ਕਰਦੇ ਹਨ ਅਤੇ ਗੁਰੂ ਘਰ ਦੀ ਸੇਵਾਵਾਂ ਵੀ ਮਹਾਂਪੁਰਸ਼ ਹੀ ਚਲੇ ਰਹੇ ਹਨ, ਵਿਆਹ ਪੁਰਬ/ਜੋੜ ਮੇਲੇ ਦੌਰਾਨ ਵਿਸ਼ੇਸ਼ ਤੌਰ ਤੇ ਰਾਗੀ, ਢਾਡੀ, ਕਵੀਸ਼ਰੀ ਜਥੇ ਅਤੇ ਕਥਾ ਵਾਚਕ ਸਾਹਿਬਾਨ ਆਈਆਂ ਸੰਗਤਾਂ ਨੂੰ ਹਰ ਜਸ ਸੁਣਾ ਕੇ ਨਿਹਾਲ ਕਰਨਗੇ, ਇਸ ਅਸਥਾਨ ਤੇ ਹਰ ਐਤਵਾਰ ਨੂੰ ਸ਼ਾਮ 4 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ, ਅਤੇ ਹਰ ਮਹੀਨੇ ਮੱਸਿਆ ਦਾ ਦਿਹਾੜਾ ਵੀ ਮਨਾਇਆ ਜਾਂਦਾ ਹੈ ਜਿੱਥੇ ਦੂਰ ਨੇੜਿਓ ਸੰਗਤਾਂ ਹਾਜ਼ਰ ਹੋ ਕੇ ਸਰੋਵਰ ਵਿੱਚ ਇਸ਼ਨਾਨ ਕਰਕੇ ਸਰੀਰਕ ਤੰਦਰੁਸਤੀ ਦੀ ਅਰਦਾਸ ਕਰਦੀਆਂ ਹਨ, ਇਸੇ ਅਸਥਾਨ ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਇਸ਼ਨਾਨ ਕਰਨ ਨਾਲ ਚਮੜੀ ਦੇ ਰੋਗ ਦੂਰ ਹੁੰਦੇ 25 ਜਨਵਰੀ ਨੂੰ ਸ਼ਾਮ ਵੱਖ-ਵੱਖ ਟੀਮਾਂ ਵਿਚਕਾਰ ਕਬੱਡੀ ਦਾ ਫਸਵਾ ਮੈਚ ਵੀ ਹੋਵੇਗਾ, ਅਖੀਰ ਚ ਕੋਚ ਪ੍ਰਤਾਪ ਸਿੰਘ ਸਕੱਤਰਾ ਨੇ ਸਮੂਹ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਅਤੇ ਚੱਲ ਰਹੀ ਕਾਰ ਸੇਵਾ 'ਚ ਤਨ,ਮਨ, ਧਨ ਨਾਲ ਸੇਵਾਵਾਂ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਸਮੂਹ ਪ੍ਰਬੰਧਕ ਅਤੇ ਸੰਗਤਾਂ ਹਾਜ਼ਰ ਸਨ।

## ਸਿਹਤ ਵਿਭਾਗ ਵੱਲੋਂ ਸਕੂਲ ਹੈਲਥ ਪ੍ਰੋਗਰਾਮ ਦੇ ਤਹਿਤ ਚਾਰ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਸਫਲਤਾ ਪੂਰਵਕ ਸੰਪੰਨ



**ਚੌਕ ਮਹਿਤਾ, 23 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ, ਜਿਲਾ ਟੀਕਾਕਰਨ ਅਫਸਰ ਡਾਕਟਰ ਭਾਰਤੀ ਧਵਨ ਦੀ ਅਗਵਾਈ ਹੇਠ ਸਕੂਲ ਟੀਚਰਾਂ ਦੀ ਚਾਰ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਸਫਲਤਾ ਪੂਰਵਕ ਸੰਪੰਨ ਹੋਈ। ਇਸ ਦੌਰਾਨ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ ਵੱਲੋਂ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੁੱਖ ਉਦੇਸ਼ ਕਿਸ਼ੋਰ ਅਵਸਥਾ ਵਿੱਚ ਬੱਚਿਆਂ ਦਾ ਸਿਹਤਮੰਦ ਵਿਕਾਸ, ਭਾਵਨਾਤਮਕ ਤੰਦਰੁਸਤੀ ਤੇ ਮਾਨਸਿਕ ਸਿਹਤ, ਪੋਸ਼ਣ ਸਿਹਤ ਤੇ ਸਵੱਛਤਾ, ਪ੍ਰਜਨਨ ਸਿਹਤ ਤੇ ਐਚ.ਆਈ.ਵੀ. ਦੀ ਰੋਕਥਾਮ, ਲਿੰਗ ਸਮਾਨਤਾ, ਪਰਸਪਰ ਸੰਬੰਧ, ਪਦਾਰਥਾਂ ਦੀ ਦੁਰਵਰਤੋਂ ਤੇ ਰੋਕਥਾਮ, ਕਦਰਾਂ ਕੀਮਤਾਂ ਤੇ ਜਿੰਮੇਵਾਰੀਆਂ, ਸਿਹਤਮੰਦ ਜੀਵਨ ਦਾ ਪ੍ਰਭਾਵ, ਹਿੰਸਾ ਤੇ ਸੱਟਾਂ ਵਿਰੁੱਧ ਸੁਰੱਖਿਆ, ਇੰਟਰਨੈਟ ਗੈਜਟ ਤੇ ਮੀਡੀਆ ਦੀ ਸੁਰੱਖਿਅਤ ਵਰਤੋਂ ਆਦਿ ਬਾਰੇ ਬੜੇ ਹੀ ਵਿਸਥਾਰ ਨਾਲ ਟ੍ਰੇਨਿੰਗ ਦਿੱਤੀ ਗਈ ਹੈ। ਜਿਸ ਦਾ ਮੁੱਖ ਉਦੇਸ਼ ਕਿਸ਼ੋਰ ਅਵਸਥਾ ਵਿੱਚ ਬੱਚਿਆਂ ਦੀ ਸਿਹਤ ਸੰਭਾਲ ਪ੍ਰਤੀ ਉਹਨਾਂ ਨੂੰ ਜਾਗਰੂਕ ਕਰਨਾ ਤਾਂ ਜੋ ਬੱਚਿਆਂ ਦੀ ਕਿਸ਼ੋਰ ਅਵਸਥਾ ਵਿੱਚ ਚੰਗੀ ਸਿਹਤ ਸੰਭਾਲ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਤੇ ਸਕੂਲ ਹੈਲਥ ਨੋਡਲ ਅਫਸਰ ਡਾ ਸੁਨੀਤ ਗੁਰਮ ਗੁਪਤਾ, ਡਾ ਅੰਜੂ ਅਤੇ ਮੈਡਮ ਰੋਹਿਨੀ ਵੱਲੋਂ ਸਮੂਹ ਟੀਚਰਾਂ ਨੂੰ ਬੜੇ ਵਿਸਤਾਰ ਨਾਲ ਟ੍ਰੇਨਿੰਗ ਦਿੱਤੀ ਗਈ। ਇਸ ਟਰੇਨਿੰਗ ਉਪਰੰਤ ਸਮੂਹ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੀ ਵੰਡੇ ਗਏ । ਇਸ ਮੌਕੇ ਜਿਲਾ ਐਮ.ਈ. ਆਈ.ਓ. ਅਮਰਦੀਪ ਸਿੰਘ, ਸਕੂਲ ਹੈਲਥ ਕੋਆਰਡੀਨੇਟਰ ਲਵਪ੍ਰੀਤ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਖ਼ਾਲਸਾਈ ਜਾਹੋ-ਜਲਾਲ ਨਾਲ ਦਮਦਮੀ ਟਕਸਾਲ ਦੇ ਯੋਧੇ

# ਸ਼ਹੀਦ ਭਾਈ ਸਰਵਣ ਸਿੰਘ (ਵਾੜਾ ਸ਼ੇਰ ਸਿੰਘ ਵਾਲਿਆਂ) ਦਾ ਜਨਮ ਦਿਹਾੜਾ ਮਨਾਇਆ

**ਅੰਮ੍ਰਿਤਸਰ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਜੂਨ 1984 'ਚ ਭਾਰਤੀ ਫ਼ੌਜਾਂ ਵਿਰੁੱਧ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਅਮਰ ਸ਼ਹੀਦ ਭਾਈ ਸਰਵਣ ਸਿੰਘ ਜੀ (ਵਾੜਾ ਸ਼ੇਰ ਸਿੰਘ) ਦਮਦਮੀ ਟਕਸਾਲ ਵਾਲਿਆਂ ਦੇ ਜਨਮ ਦਿਹਾੜੇ 'ਤੇ ਗੁਰਦੁਆਰਾ ਬਾਬਾ ਬੀਰ



ਆਵਾਜ਼ਿ ਕੌਮ AWAZE QAUM International Newspaper & WEB TV

ਸਿੰਘ, ਪਿੰਡ ਵਾੜਾ ਸ਼ੇਰ ਸਿੰਘ ਵਾਲਾ, ਨੇੜੇ ਅਲਗੋਂ ਕੋਠੀ, ਜ਼ਿਲ੍ਹਾ ਤਰਨ ਤਾਰਨ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਸੰਤਾਂ-ਮਹਾਂਪੁਰਸ਼ਾਂ, ਰਾਗੀ, ਢਾਡੀ, ਕਥਾਵਾਚਕਾਂ ਤੇ ਪ੍ਰਚਾਰਕਾਂ ਨੇ ਹਰ ਜੱਸ ਅਤੇ ਜੋਸ਼ੀਲਾ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇੰਟਰਨੈਸ਼ਨਲ ਪੰਥਕ ਦਲ ਦੇ ਕਾਰਜਕਾਰੀ ਪੰਜਾਬ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ, ਬਾਬਾ ਪ੍ਰਤਾਪ ਸਿੰਘ ਜੀ ਅਤੇ ਬਾਬਾ ਸਤਨਾਮ ਸਿੰਘ ਜੀ ਵੱਲੀਆਂ ਵੀ ਵਿਸ਼ੇਸ਼ ਤੌਰ ਉੱਤੇ ਪੁੱਜੇ। ਸਿੱਖ ਪ੍ਰਚਾਰਕ, ਪੰਥਕ ਲੇਖਕ ਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਵੀ ਸੰਗਤਾਂ ਨਾਲ ਸਿੱਖ ਸੰਘਰਸ਼ ਸੰਬੰਧੀ ਵਿਚਾਰਾਂ ਦੀ ਸਾਂਝ ਪਾਈ ਗਈ। ਉਹਨਾਂ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਕੌਮ ਵਿੱਚ ਜਾਗ੍ਰਿਤੀ ਪੈਦਾ ਕੀਤੀ, ਉਹਨਾਂ ਦੇ ਪ੍ਰਚਾਰ ਸਦਕਾ ਨੌਜਵਾਨੀ ਸਿੱਖੀ ਰੰਗ 'ਚ ਰੰਗੀ ਗਈ ਅਮਤੇ ਲੋਕ ਆਪਣੇ ਹੱਕਾਂ ਤੇ ਅਜ਼ਾਦੀ ਲਈ ਸੰਘਰਸ਼ਸ਼ੀਲ ਹੋਏ। ਸੰਤ ਭਿੰਡਰਾਂਵਾਲਿਆਂ ਨੇ ਨੇ ਬਾਬਾ ਦੀਪ ਸਿੰਘ ਅਤੇ ਬਾਬਾ ਗੁਰਬਖਸ਼ ਸਿੰਘ ਵਾਂਗ ਗੁਰਧਾਮਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ। ਉਹਨਾਂ ਕਿਹਾ ਕਿ ਸ਼ਹੀਦ ਭਾਈ ਸਰਵਣ ਸਿੰਘ (ਵਾੜਾ ਸ਼ੇਰ ਸਿੰਘ) ਵੀ ਮਹਾਨ ਰੂਹ ਸਨ, ਉਹਨਾਂ ਨੂੰ ਇਬਾਦਤ ਕਾਰਨ ਸ਼ਹਾਦਤ ਦੀ ਮਹਾਨ ਦਾਤ ਪ੍ਰਾਪਤ ਹੋਈ। ਉਹਨਾਂ ਕਿਹਾ ਕਿ ਜਨਮ ਦਿਨ ਤੇ ਮਰਨ ਦਿਨ ਉਹਨਾਂ ਦੇ ਮਨਾਏ ਜਾਂਦੇ ਹਨ ਜਿਨ੍ਹਾਂ ਨੇ ਆਪਣੇ ਜੀਵਨ ਧਰਮ ਅਤੇ ਸਮਾਜ ਨੂੰ ਸਮਰਪਿਤ ਕੀਤੇ ਹੋਣ। ਉਹਨਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਸ਼ਹਾਦਤ ਹੋਣੀ, ਯਾਦਗਾਰ ਬਣਨੀ ਤੇ ਤਸਵੀਰ ਲੱਗਣੀ ਕੋਈ ਆਮ ਗੱਲ ਨਹੀਂ ਹੈ। ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਜਨਰਲ ਸੁਬੇਗ ਸਿੰਘ, ਬਾਬਾ ਠਾਹਰਾ ਸਿੰਘ ਅਤੇ ਭਾਈ ਸਰਵਣ ਸਿੰਘ ਸਾਡੀ ਕੌਮ ਦੇ ਨਾਇਕ ਤੇ ਜੁਝਾਰੂ ਸੂਰਮੇ ਹਨ। ਇਹਨਾਂ ਸੂਰਮਿਆਂ ਨੇ ਚਮਕੌਰ ਦੀ ਗੜ੍ਹੀ ਵਾਲਾ ਸ਼ਾਨਾਮੱਤਾ ਇਤਿਹਾਸ ਦੁਹਰਾਇਆ, ਰਹਿੰਦੀ ਦੁਨੀਆਂ ਤੱਕ ਇਹਨਾਂ ਦੀ ਜੈ-ਜੈਕਾਰ ਹੁੰਦੀ ਰਹੇਗੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅਸੀਂ ਸ਼ਹੀਦਾਂ ਦੇ ਵਾਰਸ ਤਾਹੀਂ ਅਖਵਾ ਸਕਦੇ ਹਾਂ ਜੇਕਰ ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਵਾਂਗੇ ਤੇ ਸ਼ਹੀਦਾਂ ਦੇ ਕੌਮੀ ਨਿਸ਼ਾਨੇ ਖ਼ਾਲਿਸਤਾਨ ਦੀ ਅਜ਼ਾਦੀ ਲਈ ਸੰਘਰਸ਼ ਕਰਾਂਗੇ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸ਼ਹੀਦ ਭਾਈ ਸਰਵਣ ਸਿੰਘ ਦੇ ਸਪੁੱਤਰ ਜਥੇਦਾਰ ਬਾਬਾ ਸੱਜਣ ਸਿੰਘ (ਵਾੜਾ ਸ਼ੇਰ ਸਿੰਘ ਵਾਲੇ) ਸੱਚਮੁੱਚ ਉਹਨਾਂ ਸ਼ਹੀਦਾਂ ਦੇ ਪਾਏ ਪੂਰਨਿਆਂ ਉੱਤੇ ਪਹਿਰਾ ਦੇ ਰਹੇ ਹਨ। ਉਹਨਾਂ ਵੱਲੋਂ ਇਲਾਕੇ ਵਿੱਚ ਵਿਚਰ ਕੇ ਗੁਰਮਤਿ ਦਾ ਭਾਰੀ ਪ੍ਰਚਾਰ ਪ੍ਰਸਾਰ ਕੀਤਾ ਜਾ ਰਿਹਾ ਹੈ, ਜਿੱਥੇ ਉਹ ਸੰਗਤਾਂ ਨੂੰ ਗੁਰਬਾਣੀ ਦੇ ਜਾਪ ਕਰਵਾ ਰਹੇ ਹਨ, ਓਥੇ ਹੀ ਅੰਮ੍ਰਿਤ ਸੰਚਾਰ ਦੀ ਲਹਿਰ ਵੀ ਅਰੰਭੀ ਹੋਈ ਹੈ ਤੇ ਸੰਗਤਾਂ ਨੂੰ ਬਾਣੀ-ਬਾਣੇ ਦੇ ਧਾਰਨੀ, ਕੇਸਾਧਾਰੀ, ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਣ ਲਈ ਪ੍ਰੇਰਿਤ ਕਰ ਰਹੇ ਹਨ। ਉਹਨਾਂ ਨੇ ਬਾਬਾ ਸੱਜਣ ਸਿੰਘ ਵੱਲੋਂ ਇੰਟਰਨੈਸ਼ਨਲ ਪੰਥਕ ਦਲ ਰਾਹੀਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸੰਗਤਾਂ ਨੂੰ ਤਨ, ਮਨ, ਧਨ ਨਾਲ ਇਸ ਪਰਿਵਾਰ ਦਾ ਸਾਥ ਦੇਣ ਲਈ ਵੀ ਅਪੀਲ ਕੀਤੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਸਪੁੱਤਰ ਬਾਬਾ ਸੱਜਣ ਸਿੰਘ ਜੀ (ਵਾੜਾ ਸ਼ੇਰ ਸਿੰਘ ਵਾਲਿਆਂ) ਨੂੰ ਸਿਰੋਪਾਉ ਅਤੇ ਖ਼ਾਲਸਾ ਫ਼ਤਹਿਨਾਮਾ ਰਸਾਲਾ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਉਹਨਾਂ ਨਾਲ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਭਾਈ ਸੁਰਿੰਦਰਪਾਲ ਸਿੰਘ (ਸਪੁੱਤਰ ਸ਼ਹੀਦ ਭਾਈ ਸੁਬੇਗ ਸਿੰਘ ਫ਼ੌਜੀ), ਭਾਈ ਮਨਪ੍ਰੀਤ ਸਿੰਘ ਦਸਮੇਸ਼ ਨਗਰ ਵੀ ਹਾਜ਼ਰ ਸਨ।

**ਜਥੇਦਾਰ ਬਾਬਾ ਸੱਜਣ ਸਿੰਘ ਦੀਆਂ ਸੇਵਾਵਾਂ ਦੀ ਭਾਈ ਰਣਜੀਤ ਸਿੰਘ ਵੱਲੋਂ ਸ਼ਲਾਘਾ**

### ਸਾਬਕਾ ਵਿਧਾਇਕ ਸਿੱਧੂ ਪੁੱਜੇ ਪਿੰਡ ਲਾਲੇਆਣਾ

# ਨਿੱਜੀ ਪ੍ਰੋਗਰਾਮਾਂ 'ਚ ਭਰੀ ਹਾਜ਼ਰੀ ਲੋਕ ਮੁਸ਼ਕਲਾਂ ਵੀ ਸੁਣੀਆਂ



**ਤਲਵੰਡੀ ਸਾਬੋ, 23 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਲੋਕ ਸਭਾ ਹਲਕਾ ਬਠਿੰਡਾਂ ਤੋਂ ਕਾਂਗਰਸ ਉਮੀਦਵਾਰ ਵਜੋਂ ਚੋਣ ਲੜ ਚੁੱਕੇ ਸੀ. ਕਾਂਗਰਸੀ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਨੇ ਅੱਜ ਪਿੰਡ ਲਾਲੇਆਣਾ 'ਚ ਪਹੁੰਚ ਕੇ ਜਿੱਥੇ ਆਪਣੇ ਕੁਝ ਕਰੀਬੀਆਂ ਅਤੇ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਰੀ ਭਰੀ ਉੱਥੇ ਕਈ ਲੋਕਾਂ ਨੇ ਉਨਾਂ ਕੋਲ ਆਪਣੀਆਂ ਮੁਸ਼ਿਕਲਾਂ ਰੱਖੀਆਂ ਜਿਨ੍ਹਾਂ ਨੂੰ ਜਲਦ ਹੱਲ ਕਰਵਾਉਣ ਦਾ ਉਨਾਂ ਨੇ ਯਕੀਨ ਦਵਾਇਆ।

ਉਕਤ ਦੌਰੇ ਉਪਰੰਤ ਗੱਲਬਾਤ ਕਰਦਿਆਂ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਾਅਵੇ ਅਤੇ ਵਾਇਦੇ ਕੇਵਲ ਬਿਆਨਬਾਜ਼ੀ ਤੱਕ ਸੀਮਿਤ ਰਹਿ ਗਏ ਹਨ ਜਦੋਂਕਿ ਨਾ ਤਾਂ ਪਿੰਡਾਂ/ਸ਼ਹਿਰਾਂ 'ਚ ਕੋਈ ਵਿਕਾਸ ਦਾ ਕੰਮ ਹੋ ਰਿਹੈ ਅਤੇ ਨਾ ਹੀ ਆਮ ਲੋਕਾਂ ਦੀ ਦਫਤਰਾਂ ਆਦਿ ਵਿੱਚ ਕੋਈ ਸੁਣਵਾਈ ਹੈ। ਉਨਾਂ ਕਿਹਾ ਕਿ ਰਾਮਾਂ ਮੰਡੀ ਸ਼ਹਿਰ ਦੇ ਲੋਕਾਂ ਨੂੰ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਵੀ ਜੂਝਣਾ ਪੈ ਰਿਹਾ ਹੈ ਕਿਉਂਕਿ ਸਰਕਾਰ ਨਗਰ ਦੇ ਲੋਕਾਂ ਦੀਆਂ ਮੁਢਲੀਆਂ ਲੋੜਾਂ ਲਈ ਫੰਡ ਹੀ ਮੁਹੱਈਆ ਨਹੀ ਕਰਵਾ ਰਹੀ ਅਤੇ ਇਹੀ ਹਾਲ ਪਿੰਡਾਂ ਦਾ ਹੈ ਜਿੱਥੇ ਵਿਕਾਸ ਦੇ ਕਈ ਕੰਮ ਅੱਧਵਾਟੇ ਲਟਕ ਰਹੇ ਹਨ ਪਰ ਪੰਚਾਇਤਾਂ ਨੂੰ ਨਵੇਂ ਫੰਡ ਤਾਂ ਕੀ ਦੇਣੇ ਸੀ ਸਗੋਂ ਪਹਿਲਾਂ ਤੋਂ ਉਨਾਂ ਦੇ ਖਾਤਿਆਂ ਚ ਪਈਆਂ ਜਮ੍ਹਾਂ ਰਾਸ਼ੀਆਂ ਨੂੰ ਵੀ ਵਾਪਿਸ ਲੈ ਲਿਆ ਗਿਆ। ਉਨ੍ਹਾਂ ਮੰਗ ਕੀਤੀ ਕਿ ਹੁਣ ਪੌਣੇ ਤਿੰਨ ਸਾਲ੍ਹ ਬਹਾਨੇਬਾਜ਼ੀ ਨਾਲ ਲੰਘ ਗਏ ਪਰ ਹੁਣ ਸਰਕਾਰ ਨੂੰ ਪਿੰਡਾਂ/ਸ਼ਹਿਰਾਂ ਦੇ ਲੋਕਾਂ ਦੀ ਸਾਰ ਲੈਕੇ ਘੱਟੋ ਘੱਟ ਬੁਨਿਆਦੀ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਇਸ ਮੌਕੇ ਸਿੱਧੂ ਨਾਲ ਸੀ. ਕਾਂਗਰਸੀ ਆਗੂ ਮਨਜੀਤ ਸਿੰਘ ਲਾਲੇਆਣਾ ਹਲਕਾ ਪ੍ਰਧਾਨ ਜੱਟਮਹਾਂ ਸਭਾ, ਜਸਪਾਲ ਸਿੰਘ ਬੰਗੀ ਸਾਬਕਾ ਪ੍ਰਧਾਨ ਬਲਾਕ ਕਾਂਗਰਸ ਰਾਮਾਂ, ਤਰਸੇਮ ਸਿੰਘ ਲਾਲੇਆਣਾ, ਗੁਰਮੇਲ ਸਿੰਘ ਲਾਲੇਆਣਾ, ਸੇਵਕ ਸਿੰਘ ਤੰਗਰਾਲੀ, ਹਰਪਾਲ ਗਾਟਵਾਲੀ, ਧਰਮਿੰਦਰ ਢਿੱਲੋਂ ਗਿਆਨਾ ਆਦਿ ਆਗੂ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਸਾਨ ਜਥੇਬੰਦੀ ਵੱਲੋਂ ਆਪ ਮੰਤਰੀ ਲਾਲਜੀਤ ਭੁੱਲਰ ਦਾ ਜੋਨ ਸੈਨ ਭਗਤ ਵੱਲੋਂ ਸਰਾਏ ਅਮਾਨਤ ਖਾਂ ਵਿਖੇ ਪੁਤਲਾ ਸਾੜਿਆ ਗਿਆ



**ਤਰਨ-ਤਾਰਨ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਤੇ ਸੂਬਾ ਆਗੂ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਅਤੇ ਸੂਬਾ ਆਗੂ ਤੇ ਜਿਲ੍ਹਾ ਸਕੱਤਰ, ਹਰਜਿੰਦਰ ਸਿੰਘ ਸ਼ਕਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਵਿੱਚ ਅਨੇਕਾਂ ਥਾਵਾਂ ਤੇ ਆਪ ਮੰਤਰੀ ਲਾਲਜੀਤ ਭੁੱਲਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸੇ ਤਹਿਤ ਜੂਨ ਸੈਨ ਭਗਤ ਜੀ ਵੱਲੋਂ ਸਰਾਏ ਅਮਾਨਤ ਖਾਮ ਚੌਂਕ ਵਿਖੇ ਜੂਨ ਪ੍ਰਧਾਨ ਪਰਮਜੀਤ ਸਿੰਘ ਸ਼ੀਨਾ ਤੇ ਦਲਬੀਰ ਸਿੰਘ ਮੱਲੀ ਦੀ ਅਗਵਾਈ ਵਿੱਚ ਪੁਤਲਾ ਫੂਕ ਜਾਰਾ ਕੀਤਾ ਗਿਆ ਜੋਨ ਆਗੂਆਂ ਵੱਲੋਂ ਕਿਹਾ ਕਿ ਪ੍ਰਸ਼ਾਸਨ ਤੇ ਆਪ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਦਬਾਅ ਹੋਣ ਕਰਕੇ ਪ੍ਰਸ਼ਾਸਨ ਵੱਲੋਂ ਪੀੜਿਤ ਬਿਰਧ ਮਾਤਾ ਬਲਬੀਰ ਕੌਰ ਰੂੜੀ ਵਾਲੇ ਦੀ ਕੋਈ ਵੀ ਸੁਣਵਾਈ ਨਹੀਂ ਕੀਤੀ ਜਾ ਰਹੀ। ਚਾਰ ਏਕੜ ਜੋ ਕੀ ਬਿਰਧ ਮਾਤਾ ਦੀ ਜੱਦੀ ਜਮੀਨ ਹੈ। ਉਸ ਨੂੰ ਆਪ ਮੰਤਰੀ ਦੇ ਨਜ਼ਦੀਕੀ ਵਿਅਕਤੀਆਂ ਵੱਲੋਂ ਧੱਕੇ ਨਾਲ ਵਾਹੁਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਦੇ ਚਲਦਿਆਂ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਕੋਈ ਵੀ ਇਲਾਕੇ ਦਾ ਆਮ ਆਦਮੀ ਬਿਰਧ ਮਾਤਾ ਦੀ ਪੈਲੀ ਠੇਕੇ ਤੇ ਲੈਣ ਤੋਂ ਡਰ ਰਿਹਾ ਹੈ। ਵਿਰੋਧੀ ਧੜੇ ਵੱਲੋਂ ਹਥਿਆਰਾਂ ਦੇ ਦਮ ਤੇ ਲੋਕਾਂ ਨੂੰ ਪੈਲੀ ਠੇਕੇ ਤੇ ਲੈਣ ਤੋਂ ਰੋਕਿਆ ਜਾ ਰਿਹਾ ਹੈ। ਪਰ ਪ੍ਰਸ਼ਾਸਨ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ। ਲਗਾਤਾਰ ਥਾਣਾ ਚੋਹਲਾ ਸਾਹਿਬ ਵਿਖੇ ਕਿਸਾਨਾਂ ਵੱਲੋਂ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਪਰ ਪ੍ਰਸ਼ਾਸਨ ਕੋਈ ਵੀ ਕਾਰਵਾਈ ਨਹੀਂ ਕਰ ਰਿਹਾ। ਬਿਰਧ ਮਾਤਾ ਪਿਛਲੇ ਸਮੇਂ ਤੋਂ ਗੁਰਦੁਆਰੇ ਵਿੱਚ ਰਹਿ ਕੇ ਆਪਣਾ ਜੀਵਨ ਬਸਰ ਕਰ ਰਹੀ ਹੈ। ਆਪਣੀ ਜੱਦੀ ਜ਼ਮੀਨ ਹੋਣ ਦੇ ਬਾਵਜੂਦ ਵੀ ਮਾਤਾ ਦੋ ਵਕਤ ਦੀ ਰੋਟੀ ਤੋਂ ਮੁਨਕਰ ਹੈ। ਮਾਤਾ ਗੁਰਦੁਆਰੇ ਵਿੱਚ ਸੇਵਾ ਕਰਕੇ ਉਥੋਂ ਹੀ ਪ੍ਰਸ਼ਾਦਾ ਛਕਦੇ ਹਨ। ਕਿਸਾਨ ਆਗੂਆਂ ਨੇ ਕਿਹਾ ਹੁਣ ਤਾਂ ਇਸ ਤਰ੍ਹਾਂ ਲੱਗ ਰਿਹਾ ਹੈ। ਉਲਟੀ ਵਾੜ ਹੀ ਖੇਤ ਨੂੰ ਖਾ ਰਹੀ ਹੈ। ਜਿਹੜੀ ਸਰਕਾਰ ਨੇ ਲੋਕਾਂ ਨੂੰ ਨਿਆ ਦਵਾਉਣਾ ਹੈ। ਜਦ ਉਹ ਹੀ ਸਰਕਾਰ ਲੋਕਾਂ ਦੀਆਂ ਪੈਲੀਆਂ ਤੇ ਜਬਰੀ ਕਬਜ਼ੇ ਕਰਵਾਉਣ ਲੱਗ ਜਾਣ ਤਾਂ ਇਸ ਤੋਂ ਹੋਰ ਮਾੜਾ ਸਮਾਂ ਕਿਹੜਾ ਹੋ ਸਕਦਾ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਵਿਚਾਰਦੇ ਹੋਏ ਕਿਸਾਨ ਆਗੂਆਂ ਨੇ ਫੈਸਲਾ ਲਿਆ ਕਿ ਬੀਬੀ ਬਲਬੀਰ ਕੌਰ ਨੂੰ ਨਿਆ ਦਵਾਉਣ ਤੱਕ ਲੜਦੇ ਰਵਾਂਗੇ। ਅੱਜ ਲਾਲਜੀਤ ਭੁੱਲਰ ਦਾ ਪੁਤਲਾ ਸਾੜ ਕੇ ਸ਼ਾਂਤਮਈ ਵਿਰੋਧ ਕੀਤਾ । ਕੱਲ ਨੂੰ ਡੀਸੀ ਦਫਤਰ ਅਤੇ ਐਸਐਸਪੀ ਦਫਤਰ ਅੱਗੇ ਧਰਨਾ ਲਗਾ ਕੇ ਵਿਰੋਧ ਕਰਾਂਗੇ। ਜੇਕਰ ਸੁੱਤੇ ਹੋਏ ਪ੍ਰਸ਼ਾਸਨ ਅਤੇ ਆਪ ਸਰਕਾਰ ਨੇ ਬਿਰਧ ਮਾਤਾ ਨੂੰ ਜਲਦੀ ਕੋਈ ਇਨਸਾਫ ਨਾ ਦਿੱਤਾ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਏਗਾ ਤੇ ਇਸ ਦਾ ਜਿੰਮੇਵਾਰ ਪ੍ਰਸ਼ਾਸਨ ਹੋਵੇਗਾ। ਇਸ ਪੁਤਲਾ ਫੂਕ ਮੁਜਾਹਰੇ ਵਿੱਚ ਜੋਨ ਆਗੂ ਸੁਖਵੰਤ ਸਿੰਘ ਗੰਡੀਵਿੰਡ. ਗੁਰਜੀਤ ਸਿੰਘ ਗੰਡੀਵਿੰਡ. ਲਖਵਿੰਦਰ ਸਿੰਘ ਗੰਡੀਵਿੰਡ. ਡਾਕਟਰ ਸਤਵਿੰਦਰ ਸਿੰਘ ਸਰਾਂ. ਕੁਲਦੀਪ ਸਿੰਘ ਸਰਾਂ. ਗੁਰਦੇਵ ਸਿੰਘ ਸਰਾਂ. ਮਲਕੀਤ ਸਿੰਘ ਬਗਿਆੜੀ .ਕਸ਼ਮੀਰ ਸਿੰਘ ਸੋਹਲ. ਤਜਿੰਦਰ ਸਿੰਘ ਸਰਾਂ. ਗੁਰਜੀਤ ਸਿੰਘ ਸਰਾਂ .ਗੁਰਦਿਆਲ ਸਿੰਘ ਲਹੀਆ. ਰੇਸ਼ਮ ਸਿੰਘ ਗੰਡੀਵਿੰਡ. ਰਾਮ ਸਿੰਘ ਕਲਸ. ਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਰ ਸਨ।

# ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਦੇ ਵਿਦਿਆਰਥੀਆਂ ਨੇ ਧਾਰਮਿਕ ਪ੍ਰੀਖਿਆ ਵਿੱਚੋਂ ਸਭ ਤੋਂ ਵੱਧ ਵਜ਼ੀਫ਼ੇ ਪ੍ਰਾਪਤ ਕਰਕੇ ਰੱਚਿਆ ਇਤਿਹਾਸ

**ਤਰਨ-ਤਾਰਨ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਵਿਖੇ ਬੱਚਿਆਂ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਲਈ ਵੱਖ-ਵੱਖ ਸਮੇਂ ਤੇ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਵੱਲੋਂ ਪ੍ਰੀਖਿਆ ਦਾ ਆਯੋਜਨ ਕੀਤਾ ਜਾਂਦਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਨਵੰਬਰ 2023 ਵਿੱਚ ਪੂਰੇ ਪੰਜਾਬ ਅੰਦਰ ਸਕੂਲ ਪੱਧਰ ਤੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ। ਜਿਸ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਦੇ 37 ਬੱਚਿਆਂ ਭਾਗ ਲਿਆ। ਜਿਨਾਂ ਵਿੱਚੋਂ ਗਰੁੱਪ ਪਹਿਲੇ ਵਿੱਚੋਂ ਸਿਮਰਨਪ੍ਰੀਤ ਕੌਰ (ਕਲਾਸ ਨੌਵੀਂ ਡੀ) ਨੇ 1100 ਰੁਪਏ ਦਾ ਅਤੇ ਗਰੁੱਪ ਦੂਜੇ ਵਿਚੋਂ ਅਨਮੋਲਪ੍ਰੀਤ ਕੌਰ, ਅਵਲੀਨ ਕੌਰ, ਅਵਨੀਤ ਕੌਰ, ਗੁਰਲੀਨ ਕੌਰ, ਹਰਲੀਨ ਕੌਰ, ਹਰਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਕੰਵਲਪ੍ਰੀਤ ਕੌਰ, ਲਵਪ੍ਰੀਤ ਕੌਰ, ਰਮਨਦੀਪ ਕੌਰ, ਰਵਲੀਨ ਕੌਰ, ਸੁਬਨੀਤ ਕੌਰ, ਸੁਖਦੀਪ ਕੌਰ, ਅੰਮ੍ਰਿਤਪਾਲ ਕੌਰ, ਮਨਵੀਰ ਕੌਰ, ਸਹਿਜਪ੍ਰੀਤ ਕੌਰ (ਕਲਾਸ +2 ਸਾਇੰਸ) ਨੇ 2100-2100 ਰੁਪਏ ਦਾ ਵਜ਼ੀਫ਼ਾ ਪ੍ਰਾਪਤ ਕਰਕੇ ਸਕੂਲ ਮਾਤਾ-ਪਿਤਾ ਅਤੇ ਅਧਿਆਪਕ ਸਹਿਬਾਨ ਦਾ ਨਾਮ ਰੋਸ਼ਨ ਕੀਤਾ। ਇਹਨਾਂ ਬੱਚਿਆਂ ਨੂੰ ਮੈਡਲ, ਸਰਟੀਫ਼ਿਕੇਟ ਅਤੇ ਧਾਰਮਿਕ ਸਾਹਿਤ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਵਜ਼ੀਫ਼ਾ ਰਾਸ਼ੀ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਭਾਈ ਗੁਰਬਚਨ ਸਿੰਘ ਕਲਸੀਆਂ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ ਅਤੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਅੰਦਰ ਬੱਚਿਆਂ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨ ਦੇ ਲਈ ਧਾਰਮਿਕ ਪ੍ਰੀਖਿਆਵਾਂ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨਾਂ ਕਿਹਾ ਕਿ ਇਸ ਸਕੂਲ ਦੇ ਬੱਚੇ ਜਿੱਥੇ ਵਿੱਦਿਅਕ ਖੇਤਰ ਵਿੱਚ ਨਾਮਨਾ ਖੱਟ ਰਹੇ ਹਨ ਉੱਥੇ ਨਾਲ ਹੀ ਧਾਰਮਿਕ ਖੇਤਰ ਵਿੱਚ ਵੀ ਵੱਖਰੀ ਪਹਿਚਾਣ ਬਣਾ ਰਹੇ ਹਨ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਜਸਬੀਰ ਕੌਰ ਸੈਣੀ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਵਜ਼ੀਫ਼ਾ ਰਾਸ਼ੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਕਿਹਾ ਕਿ ਹਰ ਸਾਲ ਸਕੂਲ ਦੇ ਬੱਚੇ ਵੱਖ-ਵੱਖ ਸੰਸਥਾਵਾਂ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਵਿੱਚ ਭਾਗ ਲੈ ਕੇ ਜ਼ਿਲਾ ਪੱਧਰ ਤੇ ਵਧੀਆ ਸਥਾਨ ਪ੍ਰਾਪਤ ਕਰਦੇ ਹਨ ਜਿਸ ਦਾ ਸਿਹਰਾ ਧਾਰਮਿਕ ਵਿੰਗ ਦੇ ਅਧਿਆਪਕ ਭਾਈ ਜਗਜੀਤ ਸਿੰਘ ਅਹਿਮਦਪੁਰ, ਬਹਾਲ ਸਿੰਘ ਅਤੇ ਹਰਪ੍ਰੀਤ ਕੌਰ ਨੂੰ ਜਾਂਦਾ ਹੈ। ਉਨਾਂ ਕਿਹਾ ਕਿ ਬੱਚਿਆਂ ਅੰਦਰ ਨੈਤਿਕਤਾ ਪੈਦਾ ਕਰਨ ਲਈ ਧਾਰਮਿਕ ਪ੍ਰੀਖਿਆ ਅੰਦਰ ਸ਼ਾਮਿਲ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਹੋ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕਣ। ਇਸ ਸਮੇਂ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਕਿਹਾ ਕਿ ਇਹਨਾਂ ਪ੍ਰੀਖਿਆਵਾਂ ਦੇ ਵਿੱਚੋਂ ਸਾਨੂੰ ਆਪਣੇ ਇਤਿਹਾਸ ਵਿਚਾਰਧਾਰਾ ਸਿੱਖ ਸੱਭਿਆਚਾਰ ਸਿੱਖ ਮਰਿਆਦਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਮਿਲਦੀ ਹੈ ਜੋ ਕਿ ਬੱਚਿਆਂ ਨੂੰ ਆਪਣੇ ਪੁਰਖਿਆਂ ਵੱਲੋਂ ਸਿਰਜੇ ਗਏ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਇੱਕ ਬਹੁਤ ਵਧੀਆ ਤਰੀਕਾ ਹੈ। ਸਕੂਲ ਦੇ ਮੈਂਬਰ ਇੰਚਾਰਜ ਗੁਰਬੀਰ ਸਿੰਘ ਢਿੱਲੋਂ, ਤਰਲੋਕ ਸਿੰਘ ਅਤੇ ਸਰਬਜੀਤ ਸਿੰਘ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਇਸੇ ਤਰ੍ਹਾਂ ਸਕੂਲ ਮਾਤਾ-ਪਿਤਾ ਅਤੇ ਅਧਿਆਪਕ ਸਹਿਬਾਨ ਦਾ ਨਾਮ ਰੋਸ਼ਨ ਲਈ ਪ੍ਰੇਰਿਤ ਕੀਤਾ। ਅਖੀਰ ਵਿੱਚ ਆਏ ਹੋਏ ਮਹਿਮਾਨਾਂ ਨੂੰ ਗੁਰੂ ਦੀ ਬਖਸ਼ਿਸ਼ ਸਿਰੋਪਾਓ ਅਤੇ ਧਾਰਮਿਕ ਸਾਹਿਤ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਾਈਸ ਪਿੰਸੀਪਲ ਸ੍ਰੀਮਤੀ ਨੀਰੂ ਸ਼ਰਮਾ, ਸੁਪਰਵਾਈਜ਼ਰ ਮੈਡਮ ਕਰਮਜੀਤ ਕੌਰ, ਮੈਡਮ ਪਰਦੀਪ ਕੌਰ, ਮੈਡਮ ਰੁਪਿੰਦਰ ਕੌਰ ਨੰਦਾ, ਮੈਡਮ ਰਣਜੀਤ ਕੌਰ, ਮੈਡਮ ਹਰਪ੍ਰੀਤ ਕੌਰ ਚੀਮਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV